# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ

## ਭਾਈ ਦਰਸ਼ਨ ਸਿੰਘ ਜੀ ਗੜਗੱਜ

ਮਈ ੧੯੮੪



MAY 1984

ਆਪ ਜੀ ਜਲੰਧਰ ਵਿਖੇ 22 ਮਾਰਚ 1984 ਨੂੰ ਅਕਾਲ ਚਲਾਣਾ ਕਰ ਗਏ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਹਰਿ ਜਨ ਸਿਮਰਹੁ ਹਿਰਦੈ ਰਾਮ (ਵਿਆਖਿਆ) | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਮ ਜਪਣਾ ਤੇ ਗੁਰਬਾਣੀ ਦਾ ਗਾਉਣਾ ਪੜ੍ਹਨਾ | ੪ | ,, ,, ,, |
| ਕਾਂਗਰਸ ਨੇ ਸਿਖਾਂ ਨਾਲ ਵਿਸ਼ਵਾਸ-ਘਾਤ ਕੀਤਾ | ੬ | ਸਿਖ ਲੀਡਰਾਂ ਦਾ ਅਦਾਲਤੀ ਬਿਆਨ |
| ਹਉਮੈ–ਨਾਮ–ਸ਼ਬਦ ਸੁਰਤਿ | ੧੦ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਦੋ ਰੁਬਾਈਆਂ (ਕਵਿਤਾ) | ੨੦ | ਹਕੀਮ ਹਰਭਜਨ ਸਿੰਘ ਜੀ |
| ਰਹਿਤ ਵਾਲੀ ਕਿਰਪਾਨ | ੨੧ | ਭਾਈ ਰਾਮ ਸਿੰਘ ਜੀ |
| ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ (੮) | ੨੬ | — — — |
| ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ ਪਰਤਖੵ ਹਰਿ | ੨੭ | ਗੁਰਬਾਣੀ |
| ਭਾਈ ਦਰਸ਼ਨ ਸਿੰਘ ਜੀ ਗੜਗਜ | ੨੮ | 'ਸੂਰਾ' ਪਰਵਾਰ |
| ਪੰਥਕ ਖ਼ਬਰਾਂ | ੩੦ | ਅਖ਼ਬਾਰਾਂ ਦੀ ਜ਼ਬਾਨੀ |
| ਸੱਚਾ ਗੁਰੂ ਤੇ ਉਸਦਾ ਕਰਤੱਵ | ੩੫ | ਸ: ਰਾਮ ਸਿੰਘ ਜੀ ਯੂ. ਕੇ. |
| ਨਿਮਰਤਾ ਕੀ ਹੈ ? | ੪੧ | ਡਾ: ਗੋਬਿੰਦ ਸਿੰਘ ਜੀ ਮਨਸੁਖਾਨੀ |
| ਪਾਉਂਟਾ ਵਿਖੇ ਜਮਨਾ ਨਦੀ ਨਾਲ ਦੋ ਗੱਲਾਂ (ਕਵਿਤਾ) | ੪੨ | ਗਿ: ਗੋਪਾਲ ਸਿੰਘ ਜੀ ਮਿਤਰ |


ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਧਾਰਿਆ ੨ ਮਈ    ਸ੍ਰੀ ਗੁਰੂ ਅਮਰ ਦਾਸ ਜੀ ਅਵਤਾਰ ਧਾਰਿਆ ੧੪ ਮਈ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਗੁਰਿਆਈ ੨੩ ਮਈ

**ਭੁਲ ਦੀ ਸੋਧ**—ਅਪ੍ਰੈਲ ੮੪ ਦੇ ਸੂਰਾ ਵਿਚ ਲੇਖ "ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ" ਦੇ ਲੇਖਕ ਡਾਕਟਰ ਬਲਵੰਤ ਸਿੰਘ ਜੀ ਮਲਿਕ ਫ਼ੀਰੋਜ਼ਪੁਰ ਛਾਉਣੀ ਹਨ। ਗ਼ਲਤੀ ਪਾਠਕ ਸੋਧ ਲੈਣ ਜੀ।

## ਕੀਰਤਨ-ਉਤਸ਼ਾਹ-ਸਕੀਮ ਅਧੀਨ ਬੱਚਿਆਂ ਦਾ ਸਨਮਾਨ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੀਰਤਨ-ਉਤਸ਼ਾਹਤ-ਸਕੀਮ ਅਧੀਨ, ਖਾਲਸਾ ਰਹਿਤ ਵਿਚ ਪਰਪੱਕ, ਹੇਠ ਲਿਖੇ ਬੱਚਿਆਂ ਨੂੰ ਆਸਾ ਦੀ ਵਾਰ ਦਾ, ਸ਼ਬਦ ਛੱਕਿਆਂ ਸਮੇਤ ਕੰਠਾਗਰ ਕੀਰਤਨ ਕਰਨ ਵਿਚ ਯੋਗਤਾ ਪ੍ਰਾਪਤ ਕਰਨ, ਅਤੇ ਵਿਸਾਖੀ ਸਮਾਗਮ ਤੇ ਪ੍ਰੀਖਿਆ ਵਿਚ ਸਫ਼ਲਤਾ ਪ੍ਰਾਪਤ ਕਰਨ ਵਜੋਂ ਸਨਮਾਨਤ ਕੀਤਾ ਗਿਆ—

੧. ਬੀਬੀ ਰੁਪਿੰਦਰ ਕੌਰ, ਗੜ੍ਹਾ, ਜਲੰਧਰ,

੨. ਬੀਬੀ ਜੋਗਿੰਦਰ ਕੌਰ, ਢੁਡੀਆਂ, ਕਪੂਰਥਲਾ,


੩. ਬੀਬੀ ਅਮਰਜੀਤ ਕੌਰ, ਚੰਡੀਗੜ੍ਹ।

ਇਨ੍ਹਾਂ ਬੱਚਿਆਂ ਦੇ ਇਨਾਮ ਵਿਚ ਇਕ ਕੇਸਕੀ, ਇਕ ਪੁਸਤਕ (ਰੰਗਲੇ ਸਜਣ) ਅਤੇ ਪੰਜ ਸੌ ਰੁਪਏ ਨਕਦ ਸ਼ਾਮਲ ਸਨ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਸ੍ਰੀ ਅੰਮ੍ਰਿਤਸਰ

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦

ਹਵਾਈ ਡਾਕ

ਅਰਬ, ਮਲਾਇਆ ੫੫-੦੦
ਯੂ. ਕੇ., ਅਫ਼ਰੀਕਾ ੭੫-੦੦
ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ**
**ਲਾਇਫ਼ ਮੈਂਬਰ**

ਦੇਸ ੧੫੦–੦੦
ਪਰਦੇਸ ੩੫੦–੦੦

ਹਵਾਈ ਡਾਕ

ਯੂ. ਕੇ. ਅਫਰੀਕਾ ੭੫੦–੦੦
ਕੈਨੇਡਾ, ਅਮਰੀਕਾ ੯੦੦-੦੦
ਅਰਬ ਮਲਾਇਆ ੫੫੦–੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਮਈ ੧੯੮੪ ਅੰਕ ੫

## ਹਰਿ ਜਨ ਸਿਮਰਹੁ ਹਿਰਦੇ ਰਾਮ ॥

ਹਰਿ ਜਨ ਕਉ ਅਪਦਾ ਨਿਕਟਿ ਨ ਆਵੈ, ਪੂਰਨ ਦਾਸ ਕੇ ਕਾਮ ॥੧॥ਰਹਾਉ॥੧੩॥

ਜੈਤਸਰੀ ਮ: ੫, ਪੰਨਾ ੭੦੨

ਹਿਰਦੇ-ਸਿਮਰਨੀਆ ਨਾਮ-ਅਭਿਆਸ, ਗੁਰਮੁਖ ਸਿਖ ਸੰਤਾਂ ਹਰਿ ਜਨਾਂ ਨੂੰ ਸੁਤੇ ਹੀ ਸਫੁਰਨ ਹੁੰਦਾ ਹੈ। ਜਿਵੇਂ ਗੁਰਮੁਖ ਹਰਿ ਜਨ ਸਿਖਾਂ ਸੰਤਾਂ ਦਾ ਮੁਖ ਨਾਮ-ਜਾਪ ਜਪਾਉਂਦਾ ਹੈ ਤਿਵੇਂ ਉਨ੍ਹਾਂ ਦਾ ਹਿਰਦਾ ਭੀ ਬਿਲੋਵਨਾ ਬਿਲੋਵਦਾ ਹੈ। ਅਰਧ ਉਰਧ ਸੁਆਸ ਅਭਿਆਸ ਗੁਰਮੰਤ੍ਰ ਦਾਂ ਝਰਦਾ ਹੋਇਆ ਰਸ-ਪ੍ਰੇਮ-ਬੇਧਿਆ ਹਿਰਦਾ, ਮੁਖ ਦੀ ਨਿਆਈਂ ਹੀ ਹਰਕਤ ਵਿਚ ਆਉਂਦਾ ਹੈ। ਜਿਉਂ ਸੁਆਸ-ਅਭਿਆਸੀ ਅਰਧ ਉਰਧਾਸ ਵਿਚ ਹਿਲੂਣਿਆ ਝੂਣਿਆ ਹਿਰਦਾ, ਹਰਿ ਕਾ ਬਿਲੋਵਨਾ ਬਿਲੋਇ ਕੈ ਨਾਭੀ ਅੰਦਰਿ ਖ਼ਾਸ ਅਮੀ-ਰਸ-ਝਕੋਲਨਾ-ਮਾਖਨ ਵਿਰੋਲਣਾ ਹੋ ਜਾਂਦਾ ਹੈ, ਇਉਂ ਹਿਰਦੇ ਅੰਦਰੋਂ ਪਾਪ ਕਮਾਤੀ ਬਿਖ-ਦੁਖ–ਮੈਲ ਸਭ ਧੋਤੀ ਜਾਂਦੀ ਹੈ। ਤਾਂ ਹੀ ਤੇ ਹਰਿ ਜਨ ਕਉ ਕੋਈ ਅਪਦਾ ਨਹੀਂ ਵਿਆਪਦੀ, ਨੇੜੇ ਹੀ ਨਹੀਂ ਆਉਂਦੀ। ਆਵੇ ਤਾਂ ਮਹਿਸੂਸ ਹੀ ਨਹੀਂ ਹੁੰਦੀ ਅਤੇ ਹਿਰਦੇ-ਬੇਧੀਆ ਸਿਮਰਨ ਕਰਿ ਕਰਿ ਸੁਰਤੀ ਸਹਿਜ ਸੁਭਾਇ ਹੀ ਪਰੀਪੂਰਨ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। [ਪੁਸਤਕ 'ਸੰਤ ਪਦ ਨਿਰਣੇ' ਵਿਚੋਂ



www.AKJ.Org

# ਨਾਮ ਦਾ ਜਪਣਾ ਤੇ ਗੁਰਬਾਣੀ ਦਾ ਗਾਉਣਾ ਪੜ੍ਹਨਾ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

**ਹਰਿ ਜਨ ਨਾਚਹੁ ਹਰਿ ਹਰਿ ਧਿਆਇ ॥**
**ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ ॥੧॥ਰਹਾਉ॥**

—ਆਸਾ ਮ: ੪, ਪੰਨਾ ੩੬੮

ਨਾਮ ਦੇ ਵਜਦ ਵਿਚਿ, ਨਾਮ ਦੇ ਅਮੀ-ਰਸ-ਰੰਗਾਂ ਵਿਚਿ ਮਖ਼ਮੂਰ ਹੋ ਕੇ, ਨਾਮ ਦੇ ਮਹਾਂ ਰਸ ਦੇ ਅਜ਼ਗੈਬੀ ਸਰੂਰ ਵਿਚਿ ਚੂਰ ਚੂਰ ਹੋ ਕੇ, ਜੋ ਹਰੀਜਨ ਨਾਮ-ਅਭਿਆਸ-ਮੇਈ ਨਿਰਤਕਾਰੀ ਕਰਦੇ ਹਨ, ਤਿਨ੍ਹਾਂ ਐਸੇ ਗੁਰੂ ਘਰ ਦੇ ਸੰਤਾਂ, ਮਸਤੁਲ-ਮਸਤ ਨਾਮ-ਨਸ਼ਈ ਸਿਖਾਂ ਸੰਗਿ ਮਿਲੇ ਰਹਿਣ ਲਈ, ਤਿਨ੍ਹਾਂ ਦੇ ਚਰਨ ਧੋਣ ਲਈ ਗੁਰੂ ਸਾਹਿਬ ਆਪ ਉਤਾਵਲੇ ਰਹਿੰਦੇ ਹਨ। ਹਰਿ ਹਰਿ ਧਿਆਇ ਧਿਆਇ ਹਰਿ ਹਰਿ ਨਾਚਨੀ-ਮੇਈ ਆਤਮ-ਨਿਰਤਕਾਰੀ ਦੀ ਸਾਰ ਉਹੀ ਜਾਣਦੇ ਹਨ ਜਿਨ੍ਹਾਂ ਉਤੇ ਇਹ ਦਸ਼ਾ ਵਾਪਰੀ ਹੋਈ ਹੁੰਦੀ ਹੈ। ਦੂਜਿਆਂ ਖ਼ੁਸ਼ਕ ਫ਼ਿਲਾਸਫ਼ਰਾਂ ਨੂੰ ਇਸ ਦਸ਼ਾ ਦੀ ਕੀ ਸਾਰ ? ਕਿ ਕਿਵੇਂ ਨਾਮ-ਅਭਿਆਸ ਪਿਆਲੇ ਪੀ ਕੇ ਅਗੰਮੀ ਸਰੂਰ ਉਨ੍ਹਾਂ ਨੂੰ ਮਤਵਾਲੇ ਕਰਦੇ ਹਨ ਅਤੇ ਕਿਵੇਂ ਇਸ ਮਤਵਾਲਾਪਨ ਵਿਚਿ ਉਹ ਹੋਸ਼-ਮਸਤੀ ਵਿਚ ਮੌਹਲਦੇ ਹਨ ਅਤੇ ਮੌਹਲ ਮੌਹਲ ਆਤਮ-ਨਿਰਤਕਾਰੀ ਕਰਦੇ ਹਨ ਤੇ ਧਿਆਨ-ਲਿਵਧਾਰੀਆ ਨਾਚੁ ਨਚਦੇ ਹਨ। ਆਮ ਸੰਸਾਰੀਆਂ ਦੀ ਕਰੂਰ ਦ੍ਰਿਸ਼ਟੀ ਨੂੰ ਤਾਂ ਨਿਰੰਕਾਰੀ ਹਰਿ ਜਨਾਂ ਦਾ ਅਜਪਾ ਜਾਪੀ ਨਾਮ-ਅਭਿਆਸ ਹੀ ਨਹੀਂ ਭਾਉਂਦਾ ਹੈ। ਸਗੋਂ ਨਾਮ ਜਪਣ ਵਾਲਿਆਂ ਦੀ ਉਲਟੀ ਨਿੰਦਿਆ ਕਰਦੇ ਹਨ, ਨਾਮ ਦਾ ਖੰਡਾ ਖੜਕਾਉਣ ਵਾਲਿਆਂ ਤੋਂ ਘ੍ਰਿਣਾ ਕਰਦੇ ਹਨ। ਜਿਉਂ ਜਿਉਂ ਹਰਿ ਜਨ ਗੁਰੂ ਬਾਣੀ ਦਾ ਉਚੀ ਉਚੀ ਕੀਰਤਨ ਕਰਦੇ ਹਨ, ਅਤੇ ਉਚੀ ਉਚੀ ਨਾਮ ਦਾ ਅਭਿਆਸ ਕਰਦੇ ਹਨ, ਤਿਉਂ ਤਿਉਂ ਨਰ ਨਿੰਦਕਾਂ ਨੂੰ ਡਰ ਲਗਦਾ ਹੈ।

ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥
ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥੨॥

ਰਾਮਕਲੀ ਮਹਲਾ ੪, ਪੰਨਾ ੮੮੧

ਭਾਗ-ਹੀਣਾਂ ਨੂੰ ਹਰਿ ਜਨ ਉਚੀ ਨਾਮ ਜਪਦੇ ਹੀ ਨਹੀਂ ਸੁਖਾਉਂਦੇ, ਜਿਉਂ ਜਿਉਂ ਹਰਿ ਜਨ ਉਚੀ ਉਚੀ ਹਰਿ-ਜਸ ਕਰਦੇ ਹਨ, ਗੁਰਬਾਣੀ ਉਚੀ ਉਚੀ ਗਾਉਂਦੇ ਹਨ, ਯਾ ਉਚੀ ਅਲਾਪ ਨਾਲ ਹਰਿ-ਜਪ ਅਲਾਉਂਦੇ ਹਨ, ਤਿਨ੍ਹਾਂ ਨੂੰ ਉਨ੍ਹਾਂ ਦਾ ਇਸ ਬਿਧਿ ਉਚੀ ਹਰਿ ਜਸ ਗਾਉਣਾ ਤੇ ਜਾਪ ਅਲਾਉਣਾ ਡੰਗ ਲਗੇ ਵਾਂਗੂ ਚੁਭਦਾ ਹੈ। ਇਹ ਉਨ੍ਹਾਂ ਦੀ ਮਹਿਜ਼ ਭਾਗ-ਹੀਣਤਾ ਹੈ ਅਤੇ ਮਹਾਂ ਨਿੰਦਕ-ਪੁਣਾ ਹੈ। ਗੁਰਮੁਖ ਹਰਿ ਜਨਾਂ ਨੂੰ ਅਜਿਹੇ ਹੋਛੇ ਨਿੰਦਕਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਆਪਣੀ ਅਨੰਦ-ਲੈਅ ਵਿਚਿ ਜਾਪ ਅਲਾਹੀ ਜਾਣਾ, ਹਰਿ ਜਸ ਗਾਈ ਜਾਣਾ ਚਾਹੀਦਾ ਹੈ। ਉਹ ਲੋਕਾਂ ਦੀ ਖ਼ਾਤਰ ਥੋੜੇ ਗਾਉਂਦੇ ਅਲਾਉਂਦੇ ਹਨ। ਸਤਿਗੁਰੂ ਦਾ ਹੁਕਮ ਕਮਾਉਂਦੇ ਹਨ। ਗੁਰ-ਹੁਕਮ ਕਮਾਉਂਦਿਆਂ ਹੋਇਆਂ ਭਾਵੇਂ ਕੋਈ ਕਿਹੁ ਆਖੇ, ਉਸ ਦੀ ਕਖ ਪਰਵਾਹ ਨਹੀਂ ਕਰਨੀ ਚਾਹੀਦੀ। ਤਿਨ੍ਹਾਂ ਬਿਚਾਰਿਆਂ ਨੂੰ ਪਤਾ ਹੀ ਕੁਛ ਨਹੀਂ, ਤਿਨ੍ਹਾਂ ਦੇ ਭਾਗ ਧੁਰ ਮੰਦੇ ਹਨ। ਤਰਸਯੋਗ ਹਾਲਤ ਹੈ ਤਿਨ੍ਹਾਂ ਦੀ, ਜੋ ਅਣਹੋਈ ਨਿੰਦਿਆ ਦੇ ਭਾਗੀ ਬਣਦੇ ਹਨ। ਗੁਰਮਤਿ ਗੁਰਬਾਣੀ ਤੋਂ ਬੇਮੁਖਾਂ ਸਾਕਤ ਮਨਮੁਖਾਂ ਦੀ ਹਾਲਤ ਤੇ ਤਾਂ ਕੀ ਅਫ਼ਸੋਸ ਹੋ ਸਕਦਾ ਹੈ, ਅਸਾਡੇ ਘਰ ਦੇ ਹੀ ਸਿਖ ਕਹਾਉਣ ਵਾਲੇ ਬਹੁਤ ਸਾਰੇ ਸਜਣ ਐਸੇ ਹਨ, ਜਿਨ੍ਹਾਂ ਨੂੰ ਇਸ ਗੱਲ ਉਤੇ ਸ਼ਰਧਾ ਹੀ ਉੱਕੀ ਹੈ ਨਹੀਂ ਕਿ ਗੁਰਬਾਣੀ ਤੋਂ ਵਖਰਾ ਨਾਮ ਜਪਣਾ



www.AKJ.Org

ਭੀ ਗੁਰੂ ਕਾ ਹੁਕਮ ਹੈ ਕਿ ਨਹੀਂ। ਹਾਲਾਂ ਕਿ ਸਾਰੀ ਗੁਰਬਾਣੀ ਨਾਮ ਦੀ ਮਹਿਮਾ ਹੀ ਅਲਾਉਂਦੀ ਹੈ। ਇਕ ਇਕ ਗੁਰਵਾਕ ਵਿਖੇ ਨਾਮ ਦੀ ਮਹਿਮਾ ਦਾ ਹੀ ਉਚਾਰਨ ਹੈ। **ਸਤਿਗੁਰੂ ਦਾ ਹੁਕਮਨ ਸਿਰ ਹੁਕਮ ਹੈ ਨਾਮ ਜਪਣਾ, ਅਤੇ ਨਾਮ ਦਾ ਜਪਣਾ ਰਸਨਾ ਤੇ ਮੁਖ ਦੁਆਰਾ ਹੀ ਹੋ ਸਕਦਾ ਹੈ।** ਸੋ ਨਾਮ ਜਪਦਿਆਂ ਹੋਇਆਂ ਮੁਖ ਰਸਨਾ ਤੋਂ ਜਾਪ ਅਲਾਪ ਦੀ ਅਵਾਜ਼ ਜ਼ਰੂਰ ਨਿਕਲੇਗੀ। ਇਹ ਅਵਾਜ਼ ਨਿੰਦਕਾਂ ਨੂੰ ਸੁਖਾਂਦੀ ਹੀ ਨਹੀਂ, ਚਾਹੇ ਕੋਈ ਹੌਲੀ ਹੌਲੀ ਜਪੇ, ਚਾਹੇ ਕੋਈ ਉਚੀ ਉਚੀ ਅਲਾਵੇ। ਹੌਲੀ ਜਪਣ ਵਾਲਿਆਂ ਨੂੰ ਤਾਂ ਨਿੰਦਕ ਜਨ ਬਕਰੀ ਵ ਗੂੰ ਮੂੰਹ ਮਾਰਦੇ ਦਸਦੇ ਹਨ, ਚਾਹੇ ਕੋਈ ਗੁਰਬਾਣੀ ਹੌਲੀ ਪੜ੍ਹੇ ਚਾਹੇ ਨਾਮ ਹੌਲੀ ਜਪੇ। ਉਚੀ ਨਾਮ ਜਪਣ ਵਾਲਿਆਂ ਨੂੰ ਤੇ ਗੁਰਬਾਣੀ ਉਚੀ ਰਟਣ ਵਾਲਿਆਂ ਨੂੰ ਨਿੰਦਕ ਜਨ ਸੰਘ ਪਾੜਨਾ ਦਸਦੇ ਹਨ।

ਇਕ ਐਸੇ ਹਨ ਜੋ ਕਹਿੰਦੇ ਹਨ, ਬਾਣੀ ਦੇ ਪੜ੍ਹਨ ਦੀ ਹੀ ਲੋੜ ਨਹੀਂ, ਮਹਿਜ਼ ਅਰਥ ਵਿਚਾਰਨ ਦੀ ਹੀ ਲੋੜ ਹੈ। ਮੁੜ ਮੁੜ ਉਸੇ ਬਾਣੀ ਨੂੰ ਰਟਣ ਕਰੀ ਜਾਣਾ ਅਤੇ ਅਰਥ ਨਾ ਵਿਚਾਰਨਾ, ਉਹ ਕਹਿੰਦੇ ਹਨ ਕਿ ਬੇਫ਼ਾਇਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੰ ਬਾਰ ਫ਼ੁਰਮਾਉਂਦੇ ਤੇ ਇਸ ਪ੍ਰਕਾਰ ਦੇ ਹੁਕਮ ਅਲਾਉਂਦੇ ਹਨ ਕਿ—

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥੨॥੧੭॥ ਸੋਰਠਿ ਮ: ੫, ਪੰਨਾ ੬੨੯

ਬਸ ਗੁਰਬਾਣੀ ਗਾਈ ਚਲੋ। ਇਸ ਦਾ ਗਾਵਣਾ ਹੀ ਸਫ਼ਲਾ ਹੈ। ਗੁਰਬਾਣੀ ਗਾਈ ਹੋਈ ਹੀ ਸਦਾ ਸੁਖਦਾਈ ਹੈ। ਗੁਰਬਾਣੀ ਪਾਰਸ ਰੂਪ ਹੈ। ਗੁਰਬਾਣੀ ਅੰਦਰ ਅੰਮ੍ਰਿਤ-ਕਲਾ ਹੈ, ਜਿਸ ਦੇ ਪਰਸਿਆਂ ਹੀ ਪਰਸਨਹਾਰਾ ਸਫਲ-ਜਨੰਮਾ ਹੋ ਜਾਂਦਾ ਹੈ। ਇਸ ਨੂੰ ਬਾਰੰਬਾਰ ਪੜ੍ਹਨ ਗਾਵਣ ਸੁਣਨਹਾਰਾ ਪਵਿਤਰ ਪਾਵਨ ਹੋ ਜਾਂਦਾ ਹੈ—

ਸੁਣਤੇ ਪੁਨੀਤ ਕਹਤੇ ਪਵਿਤੁ......
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥ (ਪੰਨਾ ੯੨੨)

ਰੂਪੀ ਅਨੇਕਾਂ ਗੁਰਵਾਕ ਰੂਪੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅੰਦਰਿ ਮੌਜੂਦ ਹਨ, ਜਿਨ੍ਹਾਂ ਤੋਂ ਸਪੱਸ਼ਟ ਸਿਧ ਹੁੰਦਾ ਹੈ ਕਿ ਗੁਰਬਾਣੀ ਦਾ ਮਹਿਜ਼ ਪੜ੍ਹਨਾ ਸੁਣਨਾ ਹੀ ਸੁਖਦਾਇਕ ਹੈ, ਗੁਣਕਾਰੀ ਹੈ।

ਏਸ ਪਰਕਾਰ ਅਜਿਹੇ ਅਨਗਿਣਤ ਗੁਰ-ਵਾਕ ਭੀ ਹਨ ਜਿਨ੍ਹਾਂ ਤੋਂ ਨਾਮ ਦਾ ਜਪਣਾ ਤੇ ਰਸਨਾ ਤੇ ਮੁਖ ਕਰਕੇ (ਭਾਵੇਂ ਨੀਵੀਂ ਭਾਵੇਂ ਉਚੀ ਸੁਰ ਨਾਲ) ਪਾਰਸ-ਕਲਾ ਵਰਤਾਵਣਹਾਰਾ ਹੈ। ਨਾਮ ਦੀ ਪਾਰਸ-ਕਲਾ-ਮੲੀ ਮਹਿਮਾ ਦਾ ਅੰਤਰੀਵ ਭੇਦ ਤਾਂ ਵਿਰਲਿਆਂ ਨੂੰ ਹੀ ਹੈ, ਪਰ ਸਾਰਿਆਂ ਨੂੰ ਇਸ ਭੇਦ ਦਾ ਪਤਾ ਨਾ ਹੋਣਾ ਇਸ ਗੱਲ ਦਾ ਸਬੂਤ ਨਹੀਂ ਕਿ ਨਾਮ ਜਪਣ ਅੰਦਰਿ ਪਾਰਸ-ਕਲਾ ਹੀ ਨਹੀਂ।

ਸਵਾਸਾਂ ਅਤੇ ਸੁਰਤੀ ਨਾਲ ਨਾਮ ਜਪਣ ਦੀ ਗਿਆਤ ਤਾਂ ਬਹੁਤਿਆਂ ਹੀ ਥੋੜ੍ਹਿਆਂ ਅਤੇ ਵਿਰਲਿਆਂ ਨੂੰ ਹੈ। ਇਸ ਗੁਰਮਤਿ ਅੰਤਰੀਵੀ ਭੇਦ ਤੋਂ ਅਗਿਆਤ ਬਹੁਤ ਸਾਰੇ ਅਗਿਆਨੀ ਜਨ ਐਸੇ ਹੀ ਹਨ, ਜੋ ਸੁਆਸਾਂ ਦੁਆਰਾ ਨਾਮ ਜਪਣ ਵਾਲਿਆਂ ਨੂੰ ਵੇਖ ਕੇ ਹੈਰਾਨ ਹੁੰਦੇ ਹਨ ਅਤੇ ਕਹਿੰਦੇ ਹਨ ਕਿ ਇਹ ਪਾਖੰਡ ਕਰਦੇ ਹਨ। ਬਲਕਿ ਇਥੋਂ ਤਾਈਂ ਭੀ ਫ਼ਤਵਾ ਦੇਣ ਦੀ ਹਮਾਕਤ ਕਰਦੇ ਹਨ ਕਿ ਇਹ ਸੁਆਸਾਂ ਵਾਲਾ ਸਿਲਸਿਲਾ ਹੀ ਮਨਮਤਿ ਹੈ। ਮਾਨੋ ਉਹ ਆਪਣੇ ਆਪ ਨੂੰ ਅਸਲ ਗੁਰਮਤਿ ਦੇ ਠੇਕੇਦਾਰ ਸਮਝੀ ਬੈਠੇ ਹਨ। ਨਾਮ ਦੇ ਸੁਆਸ-ਅਭਿਆਸੀਆਂ ਨੂੰ ਦੇਖ ਸੁਣ ਕੇ ਉਹ ਕਹਿੰਦੇ ਹਨ ਕਿ ਇਨ੍ਹਾਂ ਨੇ ਨਵਾਂ ਰਾਹ ਚਲਾਇਆ ਹੈ। ਗੁਰਮਤਿ ਦੀ ਤੱਤ-ਖੋਜ ਤੋਂ ਤਾਂ ਉਹ ਖ਼ੁਦ ਅਗਿਆਤ (ਅਗਿਆਨੀ) ਹਨ, ਤੱਤ-ਗੁਰਮਤਿ ਤੇ ਚਲਣ-ਹਾਰਿਆਂ ਦੀ ਹੁਕਮ-ਰਜਾਈ ਕਿਰਿਆ ਨੂੰ ਉਹ ਮਨਮਤਿ ਕਹਿ ਕਹਿ ਕੋਸਦੇ ਹਨ। ਏਦੂੰ ਜ਼ਿਆਦਾ ਨਿੰਦਾ ਹੋਰ ਕੀ ਹੋ ਸਕਦੀ ਹੈ। ਆਨਮਤੀ ਨਿੰਦਾ ਕਰਨ ਤਾਂ ਕੋਈ ਵਡੀ ਗੱਲ ਨਹੀਂ, ਸਿਖ ਹੋ ਕੇ ਜੋ ਇਸ ਪਰਕਾਰ*



www.AKJ.Org

# ਕਾਂਗਰਸ ਨੇ ਸਿਖਾਂ ਨਾਲ ਵਿਸ਼ਵਾਸ-ਘਾਤ ਕੀਤਾ

## ਸ: ਟੌਹੜਾ ਤੇ ਦੂਜੇ ਲੀਡਰਾਂ ਦਾ ਅਦਾਲਤ ਵਿਚ ਲਿਖਤੀ ਬਿਆਨ

### ਦੇਸ਼ ਦੀ ਆਜ਼ਾਦੀ ਲਈ ਸਿਖਾਂ ਨੇ ਸਭ ਤੋਂ ਵਧ ਕੁਰਬਾਨੀਆਂ ਕੀਤੀਆਂ

### ਸਿਖਾਂ ਦੀ ਆਜ਼ਾਦ ਹਸਤੀ ਲਈ ਸੰਵਿਧਾਨ ਵਿਚ ਤਰਮੀਮ ਕਰਨਾ ਜ਼ਰੂਰੀ

ਚੰਡੀਗੜ੍ਹ, ੧੦ ਅਪਰੈਲ—ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ, ਸਾਬਕ ਕੇਂਦਰੀ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ, ਸ: ਰਣਧੀਰ ਸਿੰਘ ਚੀਮਾ ਤੇ ਸ: ਬਲਵੰਤ ਸਿੰਘ ਰਾਮੂਵਾਲੀਆ ਵਿਰੁਧ ਸੰਵਿਧਾਨ ਦੀ ਧਾਰਾ ੨੫ ਫਾੜਨ ਦੇ ਦੋਸ਼ ਵਿਚ ਮੁਕੱਦਮਾ ਚਲ ਰਿਹਾ ਹੈ। ਉਹਨਾਂ ਨੇ ਇਸ ਸੰਬੰਧੀ ਅਦਾਲਤ ਵਿਚ ਹੇਠ ਲਿਖਿਆ ਬਿਆਨ ਦਿਤਾ :—

ਅਸੀਂ ਹੁਣ ਉਹਨਾਂ ਕੁਝ ਹਾਲਤਾਂ ਦਾ ਜ਼ਿਕਰ ਕਰਨਾ ਚਾਹਾਂਗੇ ਜਿਹਨਾਂ ਅਧੀਨ ਸੰਵਿਧਾਨ ਦੀ ਧਾਰਾ ੨੫ ਚੋਂ ਸ਼ਬਦ 'ਸਿਖ' ਮਿਟਾਉਣ ਤੇ ਮਜਬੂਰ ਹੋਏ।

ਸਿਖ ਗੁਰੂ ਸਾਹਿਬਾਨ ਦਾ ਭਾਰਤ ਦੀ ਧਰਤੀ ਤੇ ਉਸ ਸਮੇਂ ਪ੍ਰਕਾਸ਼ ਹੋਇਆ ਜਦ ਇਥੇ ਬਹੁਤ ਬੇਚੈਨੀ ਸੀ ਤੇ ਬਦੇਸ਼ੀ ਹਮਲਾਵਰਾਂ ਹਥੋਂ ਹਿੰਦੂਆਂ ਤੇ ਜਬਰ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬਾਨ ਨੇ ਦਬੇ-ਕੁਚਲੇ ਲੋਕਾਂ ਦੇ ਦਿਲਾਂ ਵਿਚ ਨਾ ਕੇਵਲ ਨਿਡਰਤਾ ਹੀ ਪੈਦਾ ਕੀਤੀ, ਸਗੋਂ ਉਹਨਾਂ ਨੇ ਹਿੰਦੂ ਧਰਮ ਨੂੰ ਬਚਾਇਆ ਤੇ ਸਿਖੀ ਦੀ ਬੁਨਿਆਦ ਰਖੀ ਅਤੇ ਉਸ ਨੂੰ ਦੁਨੀਆ ਦੇ ਲੋਕਾਂ ਨਾਲੋਂ ਨਿਆਰਾ ਰੂਪ ਦਿਤਾ, ਅਤੇ ਸਿਖਾਂ ਨੂੰ ਇਸ ਤੇ ਮਾਣ ਹੈ। ਸਿਖਾਂ ਨੇ ਮੁਗਲਾਂ ਤੇ ਅੰਗਰੇਜ਼ਾਂ ਵਿਰੁਧ ਜਦੋ ਜਹਿਦ ਸ਼ੁਰੂ ਕੀਤੀ ਤੇ ਉਸ ਵੇਲੇ ਤਕ ਆਰਾਮ ਨਾਲ ਨਹੀਂ ਬੈਠੇ, ਜਦ ਤਕ ਕਿ ਉਤਰ-ਪਛਮੀ ਭਾਰਤ ਤੋਂ ਉਹਨਾਂ ਦਾ ਖ਼ਾਤਮਾ ਨਹੀਂ ਕਰ ਦਿਤਾ। ਮਹਾਰਾਜਾ ਰਣਜੀਤ ਸਿੰਘ ਨੇ ਹਿੰਦੁਸਤਾਨ ਦਾ ਇਤਿਹਾਸ ਤੇ ਭੂਗੋਲ ਤਬਦੀਲ ਕਰ ਦਿਤਾ। ਮਹਾਰਾਜਾ ਨੇ ਉਤਰ ਪਛਮੀ ਦਰਿਆਂ ਨੂੰ ਬੰਦ ਕਰ ਦਿਤਾ, ਜਿਨ੍ਹਾਂ ਰਾਹੀਂ ਵਿਦੇਸ਼ੀ ਹਮਲਾਵਰ ਵਾਰ ਵਾਰ ਹਿੰਦੁਸਤਾਨ ਤੇ ਹਮਲਾਵਰ ਹੁੰਦੇ ਰਹੇ ਅਤੇ ਲੁਟਮਾਰ ਕਰਦੇ ਰਹੇ ਅਤੇ ਉਹ ਭਾਰਤ ਤੋਂ ਜਾਂਦੀ ਵਾਰ ਇਸਦੀ ਬੇਪਨਾਹ ਦੌਲਤ ਖਜ਼ਾਨਾ ਅਤੇ ਔਰਤਾਂ ਤਕ ਲਿਜਾਂਦੇ ਰਹੇ। ਸਿਖਾਂ ਨੇ ਨਾ ਕੇਵਲ ਅਫ਼ਗਾਨਾਂ ਅਤੇ ਅਬਦਾਲੀਆਂ ਨੂੰ ਹਾਰ ਦਿਤੀ,ਸਗੋਂ ਉਨ੍ਹਾਂ ਤੋਂ ਪੰਜਾਬ ਦਾ ਵਿਸ਼ਾਲ ਇਲਾਕਾ ਸਰਹਦੀ ਸੂਬਾ (ਜੋ ਹੁਣ ਪਾਕਿਸਤਾਨ ਵਿਚ ਹੈ) ਕਸ਼ਮੀਰ ਅਤੇ ਲਦਾਖ ਵੀ ਖੋਹ ਲਏ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ 'ਸਰਕਾਰੇ ਖਾਲਸਾ' ਕਹਿਲਾਂਦੀ ਸੀ, ਪਰ ਉਹ ਪੂਰਨ ਤੌਰ ਤੇ ਸੈਕੂਲਰ ਸਰਕਾਰ ਸੀ। ਹਿੰਦੂਆਂ ਸਿਖਾਂ ਅਤੇ ਮੁਸਲਮਾਨਾਂ ਨਾਲ

---

*ਨਿੰਦਾ ਬਰਮਲਾ ਕਰਦੇ ਫਿਰਦੇ ਹਨ, ਉਨ੍ਹਾਂ ਨੂੰ ਢੋਈ ਕਿਥੇ ਮਿਲਣੀ ਹੈ।

ਅੰਮ੍ਰਿਤ-ਸਿੰਚਾਰ ਸਮੇਂ, ਅਰਥਾਤ ਅੰਮ੍ਰਿਤ ਛਕਾਉਣ ਦੇ ਗੁਰਮਤਿ ਸੰਸਕਾਰ ਸਮੇਂ ਪੰਜਾਂ ਪਿਆਰਿਆਂ ਦੁਆਰਾ, ਜੋ ਗੁਰਮਤਿ-ਨਾਮ, ਅੰਮ੍ਰਿਤ ਛਕਣਹਾਰਿਆਂ ਨੂੰ ਦ੍ਰਿੜ੍ਹਾਇਆ ਜਾਂਦਾ ਹੈ, ਓਸ ਅੰਮ੍ਰਿਤ-ਰਸਾਇਣੀ 'ਅੰਮ੍ਰਿਤ ਨਾਮ ਪਰਵੇਸ਼ ਕਰਨ ਦੀ ਆਕਰਖਣ ਕਲਾ ਤੋਂ ਭੀ ਅਨੇਕਾਂ ਸੋ ਕਾਲਡ (So called ਕਹਾਉਤੀ) ਸਿਖ ਕੋਰੇ ਅਗਿਆਤ ਹਨ। ਉਹ ਨਾਮ-ਪ੍ਰਵੇਸ਼ਨੀ ਗੁਰਮਤ-ਜੁਗਤੀ (ਜੋ ਕਿ ਸੀਨਾ ਬਸੀਨਾ ਗੁਰੂ ਕਲਗੀਧਰ ਦੇ ਸਮੇਂ, ਗੁਰੂ ਪੰਥ ਦੇ ਚੁਣ-ਕਢੇ ਲਧੋਵਾਰਿਆਂ ਪੰਜ ਪਿਆਰਿਆਂ ਅੰਦਰ ਚਲੀ ਆਉਂਦੀ ਹੈ) ਨੂੰ ਭੀ ਮੂੰਹ-ਫਟ ਸੋ ਕਾਲਡ (ਕਹਾਉਤੀ) ਖੁਸ਼ਕ ਗਿਆਨੀ ਮਨਮਤਿ, ਬਲਕਿ ਮਹਾਂ ਮਨਮਤਿ ਕਹਿ ਕੇ ਨਿੰਦਦੇ ਹਨ। ਇਹ ਉਨ੍ਹਾਂ ਦੇ ਅਭਾਗ ਹਨ, ਮਹਾਂ ਅਭਾਗ ਹੀ ਹਨ। ਹੋਰ ਕੀ ਹੋ ਸਕਦਾ ਹੈ।

['ਸੰਤ ਪਦ ਨਿਰਣੇ' ਪੁਸਤਕ ਵਿਚੋਂ



www.AKJ.Org

ਇਕੋ ਜਿਹਾ ਵਰਤਾਉ ਹੁੰਦਾ ਸੀ ਅਤੇ ਮਹਾਰਾਜਾ ਦੇ ਜ਼ਮਾਨੇ ਨੂੰ ਹਿੰਦੁਸਤਾਨ ਦੇ ਇਤਿਹਾਸ ਵਿਚ ਸੁਨਹਿਰੀ ਕਾਲ ਕਿਹਾ ਜਾ ਸਕਦਾ ਹੈ।

ਹਿੰਦੁਸਤਾਨ ਦੀ ਅਜ਼ਾਦੀ ਦੀ ਜੰਗ ਚਿ ਸਿਖਾਂ ਨੇ ਜੋ ਹਿਸਾ ਪਾਇਆ, ਉਹ ਵੀ ਇਤਿਹਾਸ ਦਾ ਇਕ ਹਿਸਾ ਹੈ। ੧੨੧ ਭਾਰਤੀਆਂ ਨੂੰ ਫਾਂਸੀ ਤੇ ਲਟਕਾਇਆ ਗਿਆ, ਜਿਨ੍ਹਾਂ 'ਚੋਂ ੯੩ ਸਿਖ ਸਨ। ੨੬੪੦ ਨੂੰ ਉਮਰ-ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਚੋਂ ੨੧੪੭ ਸਿਖ ਸਨ। ਜਲ੍ਹਿਆਂ ਵਾਲਾ ਬਾਗ ਚਿ ਬ੍ਰਤਾਨਵੀ ਗੋਲੀਆਂ ਨਾਲ ੧੩੭੦ ਮਰੇ, ਜਿਹਨਾਂ ਵਿਚੋਂ ੭੯੦ ਸਿਖ ਸਨ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਮਿਸਾਲਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਹਿੰਦੁਸਤਾਨ ਦੀ ਅਜ਼ਾਦੀ ਨੇੜੇ ਆ ਗਈ ਸੀ ਤਾਂ ਸਿਖਾਂ ਦੀ ਚਿੰਤਾ ਵੀ ਵਧਦੀ ਜਾ ਰਹੀ ਸੀ ਅਤੇ ਉਹ ਚਾਹੁੰਦੇ ਸਨ ਕਿ ਉਹ ਆਪਣੀ ਵਖ ਹਸਤੀ ਦੀ ਰਖਿਆ ਕਰਨ ਅਤੇ ਉਹਨਾਂ ਨੇ ਇਸ ਗੱਲ ਨੂੰ ਲੁਕਾ ਕੇ ਨਹੀਂ ਰਖਿਆ। ਇਸਦੇ ਸਿਟੇ ਵਜੋਂ ਦਸੰਬਰ ੧੯੨੯ ਵਿਚ ਲਾਹੌਰ ਵਿਚ ਕਾਂਗਰਸ ਦਾ ਸਮਾਗਮ ਹੋਇਆ ਤਾਂ ਉਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸੰਵਿਧਾਨ ਬਣਾਂਦੇ ਸਮੇਂ ਕਾਂਗਰਸ ਕੋਈ ਐਸੀ ਤਜਵੀਜ਼ ਪ੍ਰਵਾਨ ਨਹੀਂ ਕਰੇਗੀ ਜੋ ਸਿਖਾਂ ਅਤੇ ਦੂਜੀਆਂ ਘਟ ਗਿਣਤੀਆਂ ਨੂੰ ਪ੍ਰਵਾਨ ਨਹੀਂ ਹੋਵੇਗੀ। ਇਸ ਭਰੋਸੇ ਦੀ ੧੯੩੭ ਅਤੇ ਫਿਰ ਜੁਲਾਈ ੧੯੪੬ ਵਿਚ ਪੁਸ਼ਟੀ ਕੀਤੀ ਗਈ, ਜਦ ਕਲਕਤਾ ਵਿਚ ਕਾਂਗਰਸ ਸਮਾਗਮ ਦੇ ਬਾਅਦ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ, 'ਪੰਜਾਬ ਦੇ ਬਹਾਦਰ ਸਿਖਾਂ ਸੰਬੰਧੀ ਖ਼ਾਸ ਤੌਰ ਤੇ ਵਿਚਾਰ ਕਰਨ ਦੀ ਲੋੜ ਹੈ ਅਤੇ ਮੈਂ ਇਸ ਗੱਲ ਨੂੰ ਗ਼ਲਤ ਨਹੀਂ ਸਮਝਦਾ ਕਿ ਉਤਰੀ ਭਾਰਤ ਵਿਚ ਉਹਨਾਂ ਲਈ ਇਕ ਅਜਿਹਾ ਖੇਤਰ ਕਾਇਮ ਕੀਤਾ ਜਾਏ, ਜਿਥੇ ਕਿ ਉਹ ਅਜ਼ਾਦੀ ਦਾ ਅਨੰਦ ਮਾਣ ਸਕਣ।'

ਸਿਖ ਹਿੰਦੁਸਤਾਨ ਵਿਚ ਏਨੀ ਛੋਟੀ ਘਟ-ਗਿਣਤੀ ਵਿਚ ਸਨ ਕਿ ਇਹ ਕੇਵਲ ਅਬਾਦੀ ਦਾ ੨ ਪ੍ਰਤੀਸ਼ਤ ਹੀ ਸਨ, ਪਰ ਇਹਨਾਂ ਦੀ ਮਹੱਤਤਾ ਨੂੰ ਮੁਖ ਰਖਦੇ ਹੋਏ ਬ੍ਰਤਾਨਵੀ ਸਰਕਾਰ ਜਦ ਹਿੰਦੁਸਤਾਨ ਦੀ ਅਜ਼ਾਦੀ ਸੰਬੰਧੀ ਗੱਲ-ਬਾਤ ਕਰ ਰਹੀ ਸੀ ਤਾਂ ਸਿਖਾਂ ਨੂੰ ਤੀਜੀ ਪਾਰਟੀ ਵਜੋਂ ਮਾਨਤਾ ਦਿਭੀ ਗਈ। ਇਸ ਗੱਲਬਾਤ ਵਿਚ ਸ਼ਰੋਮਣੀ ਅਕਾਲੀ ਦਲ ਨੇ ਸਿਖਾਂ ਦੀ ਪ੍ਰਤੀਨਿਧਤਾ ਕੀਤੀ। 'ਕੈਬਨਿਟ ਮਿਸ਼ਨ ਪਲਾਨ' ਵਿਚ ਸਿਖਾਂ ਲਈ ਕੋਈ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ ਸੀ, ਇਸ ਲਈ ਸਿਖਾਂ ਨੇ ਸੰਵਿਧਾਨ ਘੜਨ ਵਾਲੀ ਅਸੰਬਲੀ ਦਾ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ। ੧੦ ਅਗਸਤ ੧੯੪੬ ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇਕ ਮਤਾ ਪਾਸ ਕੀਤਾ, ਜਿਸ ਵਿਚ ਕਿਹਾ ਗਿਆ, "ਕਮੇਟੀ ਨੂੰ ਇਸ ਗੱਲ ਦਾ ਪਤਾ ਹੈ ਕਿ ਸਿਖਾਂ ਨਾਲ ਬੇਇਨਸਾਫ਼ੀ ਕੀਤੀ ਗਈ ਹੈ ਤੇ ਕਾਂਗਰਸ ਨੇ ਕੈਬਨਿਟ ਮਿਸ਼ਨ ਦਾ ਧਿਆਨ ਇਸ ਪਾਸੇ ਖਿਚਿਆ ਹੈ। ਇਸ ਲਈ ਕਾਂਗਰਸ ਦੀ ਇਹ ਰਾਇ ਹੈ ਕਿ ਜੇ ਸਿਖ ਸੰਵਿਧਾਨ ਘੜਨ ਵਾਲੀ ਅਸੰਬਲੀ ਤੋਂ ਬਾਹਰ ਰਹਿਣ ਦੀ ਥਾਂ ਇਸ ਵਿਚ ਸ਼ਾਮਲ ਹੋ ਕੇ ਹਿੱਸਾ ਲੈਣ ਤਾਂ ਉਹ ਆਪਣੇ ਅਤੇ ਦੇਸ਼ ਦੇ ਹਿਤਾਂ ਦੀ ਰਾਖੀ ਕਰਨਗੇ। ਇਸ ਲਈ ਕਮੇਟੀ ਸਿਖਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਪਣੇ ਫੈਸਲੇ ਤੇ ਦੁਬਾਰਾ ਵਿਚਾਰ ਕਰਨ ਅਤੇ ਅਸੰਬਲੀ ਦੀ ਕਾਰਵਾਈ ਚਿ ਹਿਸਾ ਲੈਣ। ਵਰਕਿੰਗ ਕਮੇਟੀ ਸਿਖਾਂ ਨੂੰ ਭਰੋਸਾ ਦਿਵਾਂਦੀ ਹੈ ਕਿ ਸਿਖਾਂ ਦੀਆਂ ਜਾਇਜ਼ ਸ਼ਿਕਾਇਤਾਂ ਦੂਰ ਕਰਾਣ ਅਤੇ ਉਹਨਾਂ ਦੇ ਹਿਤਾਂ ਦੀ ਰਖਿਆ ਲਈ ਮਦਦ ਕਰੇਗੀ।" ਇਸ ਭਰੋਸੇ ਤੇ ਸਿਖਾਂ ਨੇ ਆਪਣਾ ਫੈਸਲਾ ਬਦਲ ਲਿਆ ਅਤੇ ਸੰਵਿਧਾਨ-ਘੜਨੀ ਅਸੰਬਲੀ 'ਚ ਆਪਣੇ ਪ੍ਰਤੀਨਿਧ ਭੇਜਣ ਦਾ ਫ਼ੈਸਲਾ ਕੀਤਾ, ਤਾਂ ਜੋ ਉਹ ਸਿਖਾਂ ਦੇ ਹਿਤਾਂ ਦੀ ਸੁਰੱਖਿਆ ਦਾ ਸਵਾਲ ਉਠਾ ਸਕਣ ਅਤੇ ਉਨ੍ਹਾਂ ਨੂੰ ਆਸ ਸੀ ਕਿ ਕਾਂਗਰਸ ਆਪਣੇ ਵਾਇਦੇ ਅਨੁਸਾਰ ਉਨ੍ਹਾਂ ਦੀ ਮਦਦ ਕਰੇਗੀ। ਸਿਖਾਂ ਨੇ ਕਾਂਗਰਸ ਨਾਲ ਸਾਂਝਾ ਕਾਜ਼ ਬਣਾ ਲਿਆ ਅਤੇ ਉਹ ਹਮੇਸ਼ਾ ਇਸ ਤੇ ਕਾਇਮ ਰਹੇ। ਭਾਰੀ ਮੁਸ਼ਕਲਾਂ ਅਤੇ ਬੇਪਨਾਹ ਨੁਕਸਾਨ ਉਠਾ ਕੇ ਸਿਖ ਜਮਨਾ ਤੋਂ ਵਾਹਗਾ ਤਕ ਦਾ ਇਲਾਕਾ ਹਿੰਦੁਸਤਾਨ ਲਈ ਪ੍ਰਾਪਤ ਕਰਨ



www.AKJ.Org

ਵਿਚ ਕਾਮਯਾਬ ਹੋ ਗਏ ਅਤੇ ਇਸ ਤਰ੍ਹਾਂ ਉਨ੍ਹਾਂ ਨੇ ਹਿੰਦੁਸਤਾਨ ਦਾ ਭੂਗੋਲ ਬਦਲ ਦਿਤਾ। ਪਰ ਉਨ੍ਹਾਂ ਨੂੰ ਭਾਰੀ ਮਾਯੂਸੀ ਹੋਈ, ਜਦ ਸਿਖ ਪ੍ਰਤੀਨਿਧਾਂ ਨੇ ਇਹ ਦੇਖਿਆ ਕਿ ਸੰਵਿਧਾਨ-ਘੜਨੀ ਅਸੰਬਲੀ ਵਲੋਂ ਉਨ੍ਹਾਂ ਦੀਆਂ ਮੰਗਾਂ ਰਦ ਕਰ ਦਿਤੀਆਂ ਗਈਆਂ ਹਨ ਅਤੇ ਸਿਖਾਂ ਦੀਆਂ ਸ਼ਿਕਾਇਤਾਂ ਦੂਰ ਕਰਾਉਣ ਦੇ ਯਤਨ ਅਸਫਲ ਰਹੇ। ਇਸ ਤਰ੍ਹਾਂ ਕਾਂਗਰਸ ਨੇ ਆਪਣਾ ਵਾਇਦਾ ਤੋੜਿਆ ਅਤੇ 'ਮਿਨਾਰਟੀਜ਼ ਸਬ ਕਮੇਟੀ' ਤੋਂ ਸਿਫਾਰਸ਼ ਕਰਾਈ ਕਿ ਸੰਵਿਧਾਨ ਚਿ ਸਿਖ ਘਟ-ਗਿਣਤੀ ਨੂੰ ਕੋਈ ਕਾਨੂੰਨੀ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਵੇਗੀ। ਇਕ ਅਕਾਲੀ ਪ੍ਰਤੀਨਿਧ ਸ: ਹੁਕਮ ਸਿੰਘ ਨੇ ਸੰਵਿਧਾਨ ਅਪਨਾਉਣ ਤੋਂ ਕੁਝ ਦਿਨ ਪਹਿਲਾਂ ਕਿਹਾ, "ਸਿਖਾਂ ਨੂੰ ਭਾਰੀ ਮਾਯੂਸੀ ਤੇ ਨਿਰਾਸਤਾ ਹੋਈ ਹੈ। ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨਾਲ ਵਿਤਕਰਾ ਕੀਤਾ ਗਿਆ ਹੈ। ਇਸ ਲਈ ਇਸ ਬਾਰੇ ਕੋਈ ਗ਼ਲਤ-ਫ਼ਹਿਮੀ ਨਹੀਂ ਰਹਿਣੀ ਚਾਹੀਦੀ ਕਿ ਸਿਖਾਂ ਨੇ ਸੰਵਿਧਾਨ ਮੰਨਿਆ ਹੈ। ਮੈਂ ਇਸ ਤੇ ਸਖ਼ਤ ਰੋਸ ਕਰਦਾ ਹਾਂ। ਸਿਖ ਇਸ ਇਤਿਹਾਸਕ ਦਸਤਾਵੇਜ਼ ਦੀ ਮਨਜ਼ੂਰੀ ਨਹੀਂ ਦੇ ਸਕਦੇ।"

ਇਸ ਦੇ ਬਾਅਦ ਸ: ਹੁਕਮ ਸਿੰਘ ਅਤੇ ਸ: ਭੁਪਿੰਦਰ ਸਿੰਘ ਮਾਨ ਨੇ ਸੰਵਿਧਾਨ ਤੇ ਦਸਖ਼ਤ ਕਰਨ ਤੋਂ ਨਾਂਹ ਕਰ ਦਿਤੀ।

ਬਿਆਨ ਵਿਚ ਹੋਰ ਕਿਹਾ ਗਿਆ ਕਿ ਅਜ਼ਾਦੀ ਤੋਂ ਬਾਅਦ ਸਿਖਾਂ ਵਿਚ ਇਹ ਧਾਰਨਾ ਪਰਬਲ ਹੁੰਦੀ ਗਈ ਕਿ ਬਹੁ-ਗਿਣਤੀ (ਸਰਕਾਰ) ਸਿਖਾਂ ਨੂੰ ਦਬਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ। ਸਿਖਾਂ ਲਈ ਸੰਵਿਧਾਨਕ ਸੁਰੱਖਿਆ ਦੇਣ ਤੋਂ ਨਾਂਹ ਹੋਣ ਤੇ ਪੰਜਾਬੀ ਬੋਲਦੇ ਸੂਬੇ ਦੀ ਮੰਗ ਕੀਤੀ ਗਈ। ਰਾਜ ਵਿਚ ਬਹੁਗਿਣਤੀ ਫ਼ਿਰਕਾ ਇਸ ਹਦ ਤਕ ਅਗੇ ਵਧ ਗਿਆ ਕਿ ਉਸਨੇ ਆਪਣੀ ਮਾਤ-ਭਾਸ਼ਾ ਤੋਂ ਇਨਕਾਰ ਕਰ ਦਿਤਾ। ਸਿਖਾਂ ਨੂੰ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ ਪਿਆ। ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਜਦ ਦੱਖਣ ਵਿਚ ਭਾਸ਼ਾਈ ਅਧਾਰ ਤੇ ਸੂਬਿਆਂ ਦਾ ਪੁਨਰ-ਗਠਨ ਕੀਤਾ ਜਾ ਚੁਕਾ ਹੈ ਤਾਂ ਇਹੋ ਸਿਧਾਂਤ ਪੰਜਾਬ ਤੇ ਲਾਗੂ ਕਿਉਂ ਨਹੀਂ ਹੋ ਰਿਹਾ। ੧੫ ਸਾਲ ਦੇ ਲੰਮੇ ਸੰਘਰਸ਼ ਤੋਂ ਬਾਅਦ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ, ਪਰ ਹਦਬੰਦੀ ਲਈ ੧੯੬੧ ਦੀ ਮਰਦਮ ਸ਼ੁਮਾਰੀ ਨੂੰ ਅਧਾਰ ਬਣਾ ਦਿਤਾ ਗਿਆ। ਇਸ ਮਰਦਮਸ਼ੁਮਾਰੀ ਬਾਰੇ ਪੰਡਤ ਨਹਿਰੂ ਨੇ ਵੀ ਪਾਰਲੀਮੈਂਟ ਵਿਚ ਕਿਹਾ ਸੀ ਕਿ ਉਨ੍ਹਾਂ ਲੋਕਾਂ ਨੂੰ ਝੂਠ ਬੋਲਦੇ ਦੇਖਿਆ ਹੈ, ਪਰ ਜਿਸ ਤਰ੍ਹਾਂ ਪੰਜਾਬ ਚਿ ਭਾਸ਼ਾ ਦੇ ਮਾਮਲੇ ਚਿ ਐਡੇ ਵਡੇ ਪੈਮਾਨੇ ਤੇ ਝੂਠ ਬੋਲਿਆ ਹੈ, ਉਸਦੀ ਮਿਸਾਲ ਮਨੁਖੀ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਏਸੇ ਮਰਦਮ-ਸ਼ੁਮਾਰੀ ਦੇ ਆਧਾਰ ਕਾਰਨ ਇਕ ਛਾਂਗਿਆ ਹੋਇਆ ਪੰਜਾਬੀ ਸੂਬਾ ਮਿਲਿਆ ਅਤੇ ਚੰਡੀਗੜ੍ਹ ਤੇ ਦੂਜੇ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕਿਆਂ ਲਈ ਹੋਰ ਐਜੀਟੇਸ਼ਨ ਕਰਨੀ ਪਈ।

ਏਸੇ ਤਰ੍ਹਾਂ ਦਰਿਆਈ ਪਾਣੀ ਦੀ ਵੰਡ ਬਾਰੇ ਵੀ ਭਾਰਤ ਦੇ ਦੂਜੇ ਰਾਜਾਂ ਤੇ ਲਾਗੂ ਸਿਧਾਂਤ ਪੰਜਾਬ ਵਿਚ ਲਾਗੂ ਨਹੀਂ ਕੀਤਾ ਗਿਆ। ਬਦਕਿਸਮਤੀ ਨਾਲ ਪੰਜਾਬ ਹੀ ਇਕੋ ਇਕ ਰਾਜ ਹੈ ਜਿਸ ਨੂੰ ਰਾਇਪੇਰੀਅਨ ਹੱਕ ਦੇਣ ਤੋਂ ਇਨਕਾਰ ਕੀਤਾ ਗਿਆ ਅਤੇ ਪੰਜਾਬ ਦੇ ਦਰਿਆਵਾਂ ਦਾ ਬਹੁਤਾ ਪਾਣੀ ਦੂਜਿਆਂ ਸੂਬਿਆਂ ਨੂੰ ਦੇ ਦਿਤਾ ਗਿਆ, ਜਿਨ੍ਹਾਂ ਦਾ ਇਨ੍ਹਾਂ ਤੇ ਕਾਨੂੰਨੀ ਤੌਰ ਤੇ ਕੋਈ ਹੱਕ ਨਹੀਂ। ਪੰਜਾਬ ਨੂੰ ਐਸ ਵੇਲੇ ਬਿਜਲੀ ਤੇ ਪਾਣੀ ਦੇ ਸੰਕਟ ਦਾ ਸਾਹਮਣਾ ਹੈ ਅਤੇ ਅਕਾਲੀ ਦਲ ਨੂੰ ਇਕ ਵਾਰ ਫੇਰ ਸੰਘਰਸ਼ ਕਰਨਾ ਪਿਆ।

ਸੰਵਿਧਾਨ ਬਣਾਉਣ ਤੋਂ ੩੦ ਸਾਲ ਪਹਿਲਾਂ ਦੇਸ਼ ਵਿਚ ਰਾਜਾਂ ਨੂੰ ਖੇਤਰੀ ਖ਼ੁਦਮੁਖਤਾਰੀ ਦਾ ਵਿਚਾਰ ਕਾਫ਼ੀ ਜ਼ੋਰ ਫੜ ਰਿਹਾ ਸੀ ਅਤੇ ਇਸਦੇ ਢੁਕਵੇਂ ਕਾਰਨ ਵੀ ਸਨ। ਭਾਰਤ ਇਕ ਵਿਸ਼ਾਲ ਦੇਸ਼ ਹੈ, ਜਿਸ ਵਿਚ ਵਖ ਵਖ ਭਾਸ਼ਾਵਾਂ, ਸਭਿਆਚਾਰ, ਸਮਾਜੀ ਸਿਸਟਮ, ਵਖ ਵਖ ਧਰਮ ਅਤੇ ਨਸਲੀ ਗਰੁਪ ਰਹਿੰਦੇ ਹਨ। ਇਹ ਸੋਚ ਬਿਲਕੁਲ ਸਹੀ ਸੀ ਕਿ ਅਨੇਕਤਾ ਵਿਚ ਏਕਤਾ ਨਾਲ ਹੀ ਭਾਰਤ ਮਜ਼ਬੂਤ ਹੋ ਸਕਦਾ ਹੈ।


www.AKJ.Org

ਅਜਿਹੇ ਹਾਲਾਤ ਵਿਚ ਕੇਂਦਰੀਕਰਨ ਸਫਲ ਨਹੀਂ ਹੋ ਸਕਦਾ। ਇਸ ਲਈ ਇਕ ਫ਼ੈਡਰਲ ਸੰਵਿਧਾਨ ਦੀ ਹੀ ਕਲਪਨਾ ਕੀਤੀ ਗਈ, ਪਰ ਪਿਛੋਂ ਜਦ ਸੰਵਿਧਾਨ ਬਨਾਉਣ ਦਾ ਅਮਲ ਸ਼ੁਰੂ ਹੋਇਆ ਤਾਂ ਸੰਵਿਧਾਨ ਨਿਰਮਾਤਾ ਹੌਲੀ ਹੌਲੀ ਫੈਡਰਲਇਜ਼ਮ ਦੀ ਧਾਰਨਾ ਤੋਂ ਦੂਰ ਹੁੰਦੇ ਗਏ ਅਤੇ ਆਖ਼ਿਰ ਉਨ੍ਹਾਂ ਅਜਿਹਾ ਸੰਵਿਧਾਨ ਘੜਿਆ, ਜੋ ਸਿਰਫ਼ ਕਹਿਣ ਨੂੰ ਹੀ ਫ਼ੈਡਰਲ ਸੀ। ੧੯੭੩ ਵਿਚ ਅਕਾਲੀ ਦਲ ਦੀ ਕਾਰਜ-ਕਾਰਨੀ ਵਲੋਂ ਪਾਸ ਕੀਤਾ ਗਿਆ ਅਨੰਦਪੁਰ ਸਾਹਿਬ ਮਤਾ ਇਕ ਅਜਿਹੇ ਫ਼ੈਡਰਲ ਸੰਵਿਧਾਨ ਦਾ ਵਿਚਾਰ ਦੇਂਦਾ ਹੈ, ਜਿਸ ਵਿਚ ਰਾਜਾਂ ਨੂੰ ਵਧੇਰੇ ਅਧਿਕਾਰਾਂ ਤੇ ਜ਼ੋਰ ਦਿਤਾ ਗਿਆ ਹੈ। ਅਕਾਲੀ ਦਲ ਦੇ ਮੌਜੂਦਾ ਅੰਦੋਲਨ ਦਾ ਅਧਾਰ ਇਸ ਦਾ ਅਨੰਦਪੁਰ ਸਾਹਿਬ ਦਾ ਮਤਾ ਹੀ ਹੈ। ਫੈਡਰਲ ਅਧਾਰ ਤੇ ਸੰਵਿਧਾਨ ਨੂੰ ਦੁਬਾਰਾ ਘੜਨ ਲਈ ਵਿਚਾਰਧਾਰਾ ਹੁਣ ਜ਼ੋਰ ਫੜ ਰਹੀ ਹੈ ਅਤੇ ਬਹੁਤ ਸਾਰੀਆਂ ਰਾਜ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਵਲੋਂ ਅਜਿਹੀਆਂ ਮੰਗਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਸਿਖਾਂ ਵਿਰੁਧ ਵਿਤਕਰਿਆਂ ਦੀ ਲੰਮੀ ਸੂਚੀ ਹੈ, ਜਿਸ ਦਾ ਇਥੇ ਜ਼ਿਕਰ ਕਰਨਾ ਉਚਿਤ ਨਹੀਂ।

ਸੰਵਿਧਾਨਕ ਸੁਰੱਖਿਆਵਾਂ ਅਤੇ ਉਨ੍ਹਾਂ ਦੇ ਬਣਦੇ ਸੰਵਿਧਾਨਕ ਹੱਕ ਦੇਣ ਤੋਂ ਵੀ ਲਗਾਤਾਰ ਇਨਕਾਰ ਕਾਰਨ ਸਿਖ ਆਪਣੀ ਵਖਰੀ ਹੋਂਦ ਲਈ ਖ਼ਤਰਾ ਮਹਿਸੂਸ ਕਰ ਰਹੇ ਹਨ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਧਾਰਾ ੨੫ ਬਾਰੇ ਅਕਾਲੀ ਦਲ ਦੇ ਇਰਾਦਿਆਂ ਸੰਬੰਧੀ ਪਾਰਲੀਮੈਂਟ ਮੈਂਬਰਾਂ ਨੂੰ ਜੋ ਮੈਮੋਰੰਡਮ ਦਿਤਾ, ਉਨ੍ਹਾਂ ਵਿਚ ਕਿਹਾ ਗਿਆ ਹੈ ਕਿ ਬਹੁਤ ਹੀ ਛੋਟੀ ਜਿਹੀ ਘਟ-ਗਿਣਤੀ ਸਿਖਾਂ ਦੇ ਇਹ ਸ਼ੰਕੇ ਉਚਿਤ ਹਨ ਕਿ ਬੋਧੀਆਂ ਤੇ ਜੈਨੀਆਂ ਵਾਂਗ ਉਹ ਵੀ ਹਿੰਦੂ ਬਹੁਗਿਣਤੀ ਦੇ ਵਿਸ਼ਾਲ ਸਮੁੰਦਰ ਵਿਚ ਆਪਣੀ ਵਖਰੀ ਪਛਾਣ ਗੁਆ ਬੈਠਣਗੇ।

ਇਹ ਸ਼ੰਕੇ ਹੋਰ ਵੀ ਵਧ ਜਾਂਦੇ ਹਨ, ਜਦ ਸੰਵਿਧਾਨ ਦੀ ਧਾਰਾ ੨੫ ਵਿਚ ਉਨ੍ਹਾਂ ਦੇ ਪ੍ਰਤੀਨਿਧਾਂ ਦੇ ਕਰੜੇ ਵਿਰੋਧ ਦੇ ਬਾਵਜੂਦ ਸਿਖਾਂ ਨੂੰ ਹਿੰਦੂ ਕਰਾਰ ਦਿਤਾ ਗਿਆ। ਹਿੰਦੂਆਂ ਦੇ ਕੁਝ ਪ੍ਰਸਨਲ ਲਾਅ ਸਿਖਾਂ ਤੇ ਜਬਰੀ ਲਾਗੂ ਕੀਤੇ ਗਏ। ਸਿਖ ਕੁਝ ਖ਼ਾਸ ਮਾਮਲਿਆਂ ਵਿਚ ਆਪਣੇ ਵਖਰੇ ਪ੍ਰਸਨਲ ਲਾਅ ਚਾਹੁੰਦੇ ਹਨ। ਧਾਰਾ ੨੫ ਬਾਰੇ ਸਿਰਫ਼ ਇਹੋ ਮੰਗ ਹੈ ਕਿ ਇਸ ਦੀ ਵਿਆਖਿਆ ਨੰਬਰ ੨ ਵਿਚੋਂ ਸ਼ਬਦ 'ਸਿਖ' ਕਢ ਦਿਤਾ ਜਾਵੇ। ਪਾਰਲੀਮੈਂਟ ਵਿਚ ਅਕਾਲੀ ਦਲ ਦੇ ਪ੍ਰਤੀਨਿਧ ਇਸ ਸਥਿਤੀ ਵਿਚ ਨਹੀਂ ਸਨ ਕਿ ਉਹ ਸੰਵਿਧਾਨ ਵਿਚ ਸੋਧ ਪਾਸ ਕਰਵਾ ਸਕਣ। ਇਸ ਲਈ ਅਕਾਲੀ ਦਲ ਨੇ ੨੭ ਜਨਵਰੀ ੮੪ ਨੂੰ ਸਰਕਾਰ ਨੂੰ ਨੋਟਿਸ ਦਿਤਾ ਕਿ ਜੇਕਰ ਉਪਰੋਕਤ ਅਨੁਸਾਰ ੨੬ ਫਰਵਰੀ ੧੯੮੪ ਤਕ ਧਾਰਾ ੨੫ ਵਿਚ ਸੋਧ ਨਾ ਕੀਤੀ ਗਈ ਤਾਂ ਅਕਾਲੀ ਦਲ ਸੋਧ ਕਰਾਉਣ ਲਈ ਅੰਦੋਲਨ ਸ਼ੁਰੂ ਕਰੇਗਾ। ਸ਼ਰੋਮਣੀ ਅਕਾਲੀ ਦਲ ਦੀਆਂ ਹਦਾਇਤਾਂ ਅਨੁਸਾਰ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਡਿਕਟੇਟਰ ਧਰਮ ਯੁਧ ਮੋਰਚਾ ਨੇ ੫ ਵਿਅਕਤੀਆਂ ਸ: ਪ੍ਰਕਾਸ਼ ਸਿੰਘ ਬਾਦਲ, ਸ: ਸੁਰਜੀਤ ਸਿੰਘ ਬਰਨਾਲਾ, ਸ: ਰਣਧੀਰ ਸਿੰਘ ਚੀਮਾ, ਸ: ਬਲਵੰਤ ਸਿੰਘ ਰਾਮੂਵਾਲੀਆ ਅਤੇ ਮੈਨੂੰ (ਸ: ਟੌਹੜਾ) ਨਵੀਂ ਦਿਲੀ ਚਿ ੨੭ ਫਰਵਰੀ ਨੂੰ ਪਾਰਲੀਮੈਂਟ ਹਾਊਸ ਸਾਹਮਣੇ ਪ੍ਰੋਟੈਸਟ ਕਰਨ ਲਈ ਨਾਮਜ਼ਦ ਕੀਤਾ। ੨੬ ਫਰਵਰੀ ਨੂੰ ਅਸੀਂ ਲੁਧਿਆਣਾ ਤੋਂ ਦਿੱਲੀ ਲਈ ਉਡਾਣ ਲੈਣੀ ਸੀ, ਪਰ ਦੇਖਿਆ ਕਿ ਪੁਲਸ ਹਵਾਈ ਅਡੇ ਨੂੰ ਜਾਣ ਵਾਲਾ ਸਾਡਾ ਰਾਹ ਰੋਕ ਕੇ ਖੜ੍ਹੀ ਸੀ। ਏਸੇ ਤਰ੍ਹਾਂ ਦਿੱਲੀ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਰੋਕੀਆਂ ਹੋਈਆਂ ਹਨ। ਅਸੀਂ ਚੰਡੀਗੜ੍ਹ ਚਲੇ ਗਏ ਅਤੇ ਸਵੇਰੇ ੧੧ ਵਜੇ ਕੇਂਦਰੀ ਇਲਾਕੇ ਦੇ ਸਕੱਤਰੇਤ ਪੁਜ ਗਏ। ਏਥੇ ਪਤਰਕਾਰ ਮੌਜੂਦ ਸਨ, ਪਰ ਕੋਈ ਪੁਲਸ ਮੌਜੂਦ ਨਹੀਂ ਸੀ। ਸਾਡਾ ਇਰਾਦਾ ਸੰਵਿਧਾਨ ਦਾ ਅਪਮਾਨ ਕਰਨਾ ਨਹੀਂ, ਸਾਡਾ ਮੰਤਵ ਆਪਣਾ ਰੋਸ ਪ੍ਰਗਟ ਕਰਨਾ ਅਤੇ ਇਹ ਦਰਸਾਉਣਾ ਸੀ ਕਿ ਸਾਡੀ ਮੰਗ ਅਨੁਸਾਰ ਸੋਧ ਕਰ ਕੇ ਧਾਰਾ ੨੫ ਦੀ ਵਿਆਖਿਆ ੨ ਦੀ ਉਪਧਾਰਾ (੨) ਵਿਚੋਂ ਸ਼ਬਦ 'ਸਿਖ' ਖ਼ਾਰਜ ਕਰ ਦਿਤਾ ਜਾਵੇ।

ਅਜੀਤ, ੧੦-੪-੮੪



www.AKJ.Org

# ਹਉਮੈ ਨਾਮ ਸ਼ਬਦ ਸੁਰਤਿ

(ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ)

ਦਸੰਬਰ ੧੯੮੩ 'ਸੂਰਾ' ਵਿਸ਼ੇਸ਼ ਅੰਕ 'ਸਿਖ ਇਕ ਵੱਖਰੀ ਕੌਮ' ਵਿਚ ਪ੍ਰੋਫੈਸਰ ਗੁਰਮੁਖ ਸਿੰਘ ਜੀ ਦਾ ਲੇਖ 'ਭਾਰਤੀ ਧਰਮ-ਚੇਤਨਾ ਤੇ ਗੁਰਮਤਿ ਫਲਸਫ਼ਾ' ਛਪਿਆ ਸੀ। ਉਸੇ ਲੇਖ ਨਾਲ ਸੰਬੰਧਤ ਦੂਜੀ ਤੇ ਤੀਜੀ ਕਿਸ਼ਤ ਫ਼ਰਵਰੀ ਤੇ ਮਾਰਚ ੧੯੮੪ ਦੇ 'ਸੂਰਾ' ਵਿਚ ਦਿਤੀ ਗਈ ਹੈ, ਜਿਨ੍ਹਾਂ ਤੋਂ ਖਾਲਸਾ ਜੀ ਦਾ ਨਿਰਾਲਾਪਣ ਪ੍ਰਗਟ ਹੁੰਦਾ ਹੈ। ਹੁਣ ਉਸੇ ਲੜੀ ਵਿਚ ਇਹ ਚੌਥੀ ਕਿਸ਼ਤ ਪੇਸ਼ ਕੀਤੀ ਜਾ ਰਹੀ ਹੈ। —ਸੰਪਾਦਕ

**ਹਉਮੈ ਅਤੇ ਨਾਮ—**

ਹਉਮੈ ਦੀ ਸੰਖੇਪ ਵਿਆਖਿਆ ਪਿਛੇ ਕੀਤੀ ਗਈ ਹੈ। ਹੁਣ ਅਸਾਂ ਵੇਖਣਾ ਹੈ ਕਿ ਨਾਮ ਦਾ ਹਉਮੈ ਨਾਲ ਕੀ ਕੋਈ ਸੰਬੰਧ ਹੋ ਸਕਦਾ ਹੈ ? ਜਿਵੇਂ ਉਸਦਾ ਹੁਕਮ ਸਰਬ-ਵਿਆਪੀ ਹੈ ਤਿਵੇਂ ਉਸਦਾ ਨਾਮ ਭੀ ਸਰਬ-ਵਿਆਪੀ ਹੈ। ਹੁਕਮ ਅਤੇ ਨਾਮ ਓਤਿ ਪੋਤਿ ਹੋਣ ਕਰਕੇ ਇਕੋ ਹੀ ਜਾਪਦੇ ਹਨ। ਇਉਂ ਕਿਹਾ ਜਾ ਸਕਦਾ ਹੈ ਕਿ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ।

ਜਿਥੇ ਇਹ ਸੰਕੇਤ ਹੈ 'ਕੀਤਾ ਪਸਾਉ ਏਕੋ ਕਵਾਉ' ਉਥੇ ਨਾਲ ਦੀ ਪਉੜੀ ਵਿਚ ਸ੍ਰੀ ਗੁਰੂ ਜੀ ਨੇ ਸਪੱਸ਼ਟ ਸੰਕੇਤ ਦਿਤਾ ਹੈ—

ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥੧੯॥ [ਜਪੁਜੀ, ਪੰਨਾ ੪]

ਸ੍ਰੀ ਗੁਰੂ ਅਰਜਨ ਦੇਵ ਜੀ ਇਸੇ ਵਿਚਾਰ ਨੂੰ ਹੋਰ ਵਿਸਥਾਰ ਨਾਲ ਸਪਸ਼ਟ ਕਰਦੇ ਹਨ—

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥<br>
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥<br>
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥੫॥੧੬॥

[ਗਉੜੀ ਸੁਖਮਨੀ ਮ: ੫, ਪੰਨਾ ੨੮੪

ਵਾਹਿਗੁਰੂ ਜੀ ਨੇ ਆਪ ਹੀ ਆਪਣੇ ਆਪ (ਆਪਣੇ ਨਾਮ) ਦਾ ਪਸਾਰਾ ਕੀਤਾ।

ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥<br>
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥੧॥ [ਵਾਰ ਆਸਾ ਮ: ੧, ਪੰਨਾ ੪੬੩

ਰਚਨਾ ਦੀ ਹਰ ਚੀਜ਼ ਵਿਚ, ਜ਼ੱਰੇ ਜ਼ੱਰੇ ਵਿਚ, ਨਾਮ ਸਮਾਇਆ ਹੋਇਆ ਹੈ, ਪਰ ਹਉਮੈ ਦਾ ਪਰਦਾ ਇਤਨਾ ਵੱਡਾ ਅਤੇ ਇਤਨਾ ਕਾਲਾ ਹੈ ਕਿ ਇਸਦੇ ਵਿਚਦੀ ਆਰ-ਪਾਰ ਕੁਝ ਨਹੀਂ ਦਿਸਦਾ।

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥੧॥੧੨੨॥

[ਗਉੜੀ ਪੂਰਬੀ ਮਹਲਾ ੫, ਪੰਨਾ ੨੦੫

ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ ॥<br>
ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ ॥੪॥੧॥

(ਮਲਾਰੁ ਮਹਲਾ ੪, ਪੰਨਾ ੧੨੬੩)

ਇਸ ਵਿਚਾਰ ਨੂੰ ਸ੍ਰੀ ਗੁਰੂ ਜੀ ਹੋਰ ਸਪਸ਼ਟ ਕਰਦੇ ਹਨ—

ਹਉਮੈ ਕਰੀ ਤਾ ਤੂ ਨਾਹੀ, ਤੂ ਹੋਵਹਿ ਹਉ ਨਾਹਿ ॥<br>
ਬੂਝਹੁ ਗਿਆਨੀ ਬੂਝਣਾ, ਏਹ ਅਕਥ ਕਥਾ ਮਨ ਮਾਹਿ ॥੧॥੧੯॥

(ਵਾਰ ਮਾਰੂ ਮ: ੩, ਸਲੋਕ ਮ: ੧, ਪੰਨਾ ੧੦੯੨-੯੩)



www.AKJ.Org

ਨਾਮ ਦਾ ਨਿਵਾਸ ਕਿਥੇ ਹੈ ?

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
ਦੇਹੀ ਮਹਿ ਇਸ ਕਾ ਬਿਸ੍ਰਾਮੁ ॥੧॥੨੩॥ [ਗਉੜੀ ਸੁਖਮਨੀ ਮ: ੫]

ਜਿਥੇ ਦੇਹੀ ਅੰਦਰ ਨਾਮ ਦਾ ਨਿਵਾਸ-ਅਸਥਾਨ ਹੈ ਉਥੇ ਦੇਹੀ ਅੰਦਰ ਹੀ ਹਉਮੈ ਆਪਣਾ ਘਰ ਬਣਾ ਲੈਂਦੀ ਹੈ। ਫਿਰ ਹੁਕਮ ਹੈ–

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ, ਤਾਂ ਮਨੁ ਬਿਰਥਾ ਜਾਇ ॥੧॥੯॥
[ਵਡਹੰਸ ਮ: ੩, ਪੰਨਾ ੫੬੦

ਹਉਮੈ ਅਤੇ ਨਾਮ ਦੇ ਸੰਦਰਭ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਇਉਂ ਫੁਰਮਾਇਆ ਹੈ :—

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ, ਅੰਮ੍ਰਿਤੁ ਗੁਰਮਤਿ ਪਾਏ ਰਾਮ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ, ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥੧॥
(ਬਿਹਾਗੜਾ ਛੰਤ ਮ: ੪, ਪੰਨਾ ੫੩੮)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਪਸਾਰੇ ਦੇ ਵਰਤਾਰੇ ਦਾ ਮੂਲ ਕਾਰਨ ਇਸ 'ਹਉਮੈ' ਨੂੰ ਹੀ ਦਸਿਆ ਹੈ, ਤੇ ਸਲੋਕ ਦੇ ਅੰਤ ਵਿਚ ਸਾਰ-ਸਿੱਟਾ ਦਸਦੇ ਹੋਏ ਕਹਿੰਦੇ ਹਨ ਕਿ ਜੇ ਪ੍ਰਾਣੀ 'ਹਉਮੈ' ਦੀ ਬੁਝਾਰਤ ਨੂੰ ਬੁਝ ਲਵੇ ਤਾਂ ਪ੍ਰਭੂ ਦਾ ਦਰ ਪ੍ਰਾਪਤ ਕਰਨ ਦੀ ਸੋਝੀ ਆ ਸਕਦੀ ਹੈ। ਪਰ ਇਸ ਦੀ ਸਮਝ ਆਏ ਤੋਂ ਬਿਨਾਂ ਪ੍ਰਾਣੀ ਐਵੇਂ ਕਥਨੀਆਂ ਕਰ ਕਰ ਕੇ ਵਾਦ-ਵਿਵਾਦ ਵਿਚ ਹੀ ਸੜਦਾ ਰਹਿੰਦਾ ਹੈ। ਹੁਕਮ ਹੈ– ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥੧॥੭॥
(ਆਸਾ ਦੀ ਵਾਰ, ਪੰਨਾ ੪੬੬)

ਸ੍ਰੀ ਗੁਰੂ ਅੰਗਦ ਦੇਵ ਜੀ ਇਸ ਤੋਂ ਅਗੇ ਫ਼ੁਰਮਾਂਦੇ ਹਨ ਕਿ ਵਾਹਿਗੁਰੂ ਜੀ ਦਾ 'ਹੁਕਮ' ਹੀ ਹੈ ਜਿਸ ਤੋਂ ਹਉਮੈ ਹੋਂਦ ਵਿਚ ਆਉਂਦੀ ਹੈ, ਅਤੇ ਇਸ ਹਉਮੈ ਦੇ ਕਾਰਨ ਹੀ ਸਾਰੇ ਜੀਅ-ਜੰਤ ਕਿਰਤ-ਕਰਮਾਂ ਵਿਚ ਫਸ ਕੇ ਅਨੇਕਾਂ ਜੂਨਾਂ ਵਿਚ ਭਟਕਦੇ ਫਿਰਦੇ ਹਨ। ਸ੍ਰੀ ਗੁਰੂ ਜੀ ਇਸ 'ਹਉਮੈ' ਨੂੰ ਦੀਰਘ ਰੋਗ ਦਸਦੇ ਹਨ, ਪਰ ਨਾਲ ਹੀ ਸਪਸ਼ਟ ਕਰਦੇ ਹਨ ਕਿ ਜੇ ਵਾਹਿਗੁਰੂ ਦੀ ਕਿਰਪਾ ਹੋ ਜਾਵੇ ਤਾਂ ਪ੍ਰਾਣੀ ਗੁਰੂ ਦੇ ਬਖਸ਼ੇ ਸ਼ਬਦ (ਨਾਮ-ਅੰਮ੍ਰਿਤ) ਦੀ ਕਮਾਈ ਕਰਕੇ, ਹਉਮੈ ਦੇ ਇਸ ਭਿਆਨਕ ਰੋਗ ਦੇ ਦੁਖਾਂ ਤੋਂ ਬਚ ਸਕਦੇ ਹਨ। ਫ਼ੁਰਮਾਨ ਹੈ–

ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ ॥
ਹਉਮੈ ਦੀਰਘ ਰੋਗੁ ਹੈ, ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥੭॥
(ਆਸਾ ਦੀ ਵਾਰ, ਪੰਨਾ ੪੬੬)

## ਨਾਮ ਅਤੇ ਸ਼ਬਦ-ਸੁਰਤਿ–

ਨਾਮ ਅਤੇ ਸ਼ਬਦ ਪ੍ਰਾਇ-ਵਾਚੀ ਹਨ। ਦੋਹਾਂ ਦੇ ਇਕੋ ਭਾਵ ਹਨ, ਕੇਵਲ ਨਾਂ ਦੋ ਹਨ। ਵਸਤੂ ਇਕੋ ਹੀ ਹੈ। ਸ੍ਰੀ ਗੁਰੂ ਜੀ ਨੇ 'ਸ਼ਬਦ' ਨੂੰ ਕੁਝ ਹੋਰ ਅਰਥਾਂ ਵਿਚ ਭੀ ਕਈ ਥਾਈਂ ਕਿਸੇ ਖ਼ਾਸ ਸੰਦਰਭ ਵਿਚ ਵਰਤਿਆ ਹੈ, ਜਿਵੇਂ ਜੋਗੀਆਂ ਦੇ ਅਨਹਦ ਸ਼ਬਦ ਦੀ ਝੁਨਕਾਰ, ਪੰਚ ਸ਼ਬਦ ਆਦਿ। ਪਰ ਬਹੁਤ ਕਰਕੇ 'ਸ਼ਬਦ' ਦੇ ਅਰਥ 'ਗੁਰੂ ਦੁਆਰਾ ਦਿਤਾ ਹੋਇਆ ਨਾਮ' 'ਗੁਰਮੰਤਰ' ਦੇ ਅਰਥ-ਭਾਵ ਨਾਲ ਹੀ ਵਰਤਿਆ ਮਿਲਦਾ ਹੈ। ਜਿਵੇਂ–



www.AKJ.Org

ਏਕੁ 'ਸਬਦੁ' ਮੇਰੈ ਪ੍ਰਾਨਿ ਬਸਤੁ ਹੈ, ਬਾਹੁੜਿ ਜਨਮਿ ਨ ਆਵਾ ॥੧॥੨॥

—ਬਿਲਾਵਲ ਮ: ੧, ਪੰਨਾ ੭੯੫

'ਸਬਦੁ' ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥੧੬॥

[ਮਾਰੂ ਸੋਲਹੇ ਮ: ੧, ਪੰਨਾ ੧੦੨੧

ਪੂਰੈ ਭਾਗਿ ਗੁਰੁ ਪੂਰਾ ਪਾਇਆ ॥ ਅੰਤਰਿ ਨਾਮੁ ਨਿਧਾਨੁ ਦਿਖਾਇਆ ॥

ਗੁਰ ਕਾ 'ਸਬਦੁ' ਅਤਿ ਮੀਠਾ ਲਾਇਆ ॥ ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥

੫॥੬॥੪॥ (ਬਿਲਾਵਲ ਮਹਲਾ ੩, ਪੰਨਾ ੭੯੮

ਵਾਹਿਗੁਰੂ ਜੀ ਦੇ ਕਿਰਤਮ ਨਾਮ ਅਨੇਕਾਂ ਹੀ ਹਨ, ਪਰ 'ਸਤਿਨਾਮੁ' ਇਕੋ ਹੀ ਹੈ, ਜੋ ਸੱਚੇ ਸਤਿਗੁਰੂ (ਗੁਰੂ ਨਾਨਕ ਦੇਵ ਜੀ) ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਗੁਰ-ਉਪਦੇਸ਼ ਜਗਿਆਸੂ ਨੂੰ ਵਿਸ਼ਾਲ ਨਾਮ-ਨਾਮੀ ਵਿਚ ਅਭੇਦ ਹੋਣ ਲਈ ਇਕ ਜ਼ਰੀਆ ਹੈ, ਸਾਧਨ (means) ਹੈ। ਇਸ ਲਈ 'ਸ਼ਬਦ' ਹੀ ਗੁਰੂ ਹੈ।

'ਸਬਦੁ' ਗੁਰੂ, ਸੁਰਤਿ ਧੁਨਿ ਚੇਲਾ ॥੪੪॥ [ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੩

ਸ਼ਬਦ ਗੁਰੂ ਹੈ। ਸ਼ਬਦ ਵਿਚ ਗੁਰੂ ਦਾ ਆਪਾ ਸਮੋਇਆ ਹੋਇਆ ਹੈ। ਗੁਰੂ ਦੀ ਕਿਰਪਾ-ਦ੍ਰਿਸ਼ਟੀ ਤੇ ਨਦਰ ਹੁੰਦੀ ਹੈ। ਸੁਰਤਿ ਚੇਲਾ ਹੈ। ਸੁਰਤਿ ਜਗਿਆਸੂ ਹੈ। ਸੁਰਤਿ ਦਾ ਸ਼ਬਦ ਪ੍ਰਤਿ ਜਿਉਂ ਜਿਉਂ ਨੇਹੁ ਵਧਦਾ ਹੈ, ਤਿਉਂ ਤਿਉਂ ਸੁਰਤਿ ਸ਼ਬਦ ਦੇ ਮੰਡਲ ਵਿਚ ਉਚੀਆਂ ਉਡਾਰੀਆਂ ਲਾਉਂਦੀ ਹੈ। ਰਿਸ਼ਤਾ ਪ੍ਰੇਮ ਦੀ ਤਾਰ ਦਾ ਹੈ। ਇਸ ਨੂੰ ਲਿਵ ਭੀ ਆਖਿਆ ਹੈ। ਇਹ ਪਿਆਰ ਸਦਾ ਵਧਦਾ ਹੈ, ਹਮੇਸ਼ਾ ਨਵਾਂ ਹੈ—

ਗੁਰਮੁਖ ਸੁਖ ਫਲ ਪ੍ਰੇਮ ਰਸ ਹੁਇ ਗੁਰੁ ਸਿਖ ਮੇਲਾ ॥
ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ ॥

[ਭਾਈ ਗੁਰਦਾਸ ਜੀ ਵਾਰ ੧੩, ਪਉੜੀ ੧੪]

ਗੁਰੂ ਦਾ ਸ਼ਬਦ ਗੁਰੂ ਦੀ ਬਾਣੀ ਹੈ, ਗੁਰੂ ਦਾ ਬਚਨ, ਅਤੇ ਗੁਰੂ ਇਕੋ ਰੂਪ ਹਨ। ਇਸ ਨੂੰ ਰਾਧਾ ਸੁਆਮੀਏ ਭੁਲੇਖੇ ਨਾਲ ਧੁਨਾਤਮਕ ਕਹਿੰਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਹੈ :—

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥੩॥

(ਕਾਨੜਾ ਅਸਟਪਦੀਆ ਮ: ੪, ਪੰਨਾ ੧੩੧੦)

ਇਹ ਭੀ ਆਖਿਆ ਹੈ :— ਸਤਿਗੁਰ ਕੀ ਬਾਨੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥੯॥

[ਗਉੜੀ ਕੀ ਵਾਰ ਮ: ੪, ਪੰਨਾ ੩੦੪

ਗੁਰਮਤਿ-ਫ਼ਲਸਫੇ ਦੀ ਵਿਲੱਖਣਤਾ ਇਹ ਹੈ ਕਿ ਗੁਰੂ, ਗੁਰੂ ਦਾ ਸ਼ਬਦ, ਗੁਰਬਾਣੀ, ਪੁਰਖ ਅਤੇ ਅਕਾਲ ਪੁਰਖ ਇਕਮਿਕ ਹਨ। ਸਿਖ ਗੁਰਬਾਣੀ ਵਿਚ ਲੀਨ ਹੋ ਕੇ ਇਸ ਦਾ ਰੂਪ ਹੀ ਹੋ ਜਾਂਦਾ ਹੈ।

ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ ॥੯॥੮॥੯॥ [ਆਸਾ ਛੰਤ ਮ: ੪, ੪੪੪

ਗੁਰੂ ਅੰਗਦ ਗੁਰੂ ਨਾਨਕ ਬਣ ਗਏ।

ਹਾਂ ਸਾਧਨਾ ਪੱਖ ਤੋਂ 'ਸ਼ਬਦ' ਇਨ੍ਹਾਂ ਸਾਰਿਆਂ ਦਾ ਸਥਾਨਾਪਤਿ ਹੈ। ਸ਼ਬਦ ਅਨੁਭਵ ਦੀ ਵਸਤੂ ਹੈ, ਇਸਨੂੰ ਕੇਵਲ ਸੁਰਤਿ ਹੀ ਅਨੁਭਵ ਕਰ ਸਕਦੀ ਹੈ। ਇਹ ਸਥੂਲ ਇੰਦ੍ਰੀਆਂ ਦਾ ਵਿਸ਼ਾ ਨਹੀਂ। ਸ਼ਬਦ ਇਕ ਹਸਤੀ ਹੈ। ਸ਼ਬਦ ਦੇ ਸਰਗੁਣ ਸਰੂਪ ਨੂੰ, ਸ਼ਬਦ ਦੇ ਨਿਰੰਕਾਰੀ ਸਰੂਪ ਨੂੰ, ਇਸਦੇ ਅਨਹਦ-ਸ਼ਬਦ ਸਰੂਪ ਨੂੰ ਕੇਵਲ ਸੁਰਤਿ ਹੀ ਸੰਭਾਲ ਸਕਦੀ ਹੈ। ਇਹ ਭੀ ਗੁਰਮਤਿ ਦਾ ਸਿਧਾਂਤ ਹੈ ਕਿ ਵਾਹਿਗੁਰੂ ਜੀ ਨੇ ਹਰ ਇਕ ਜੀਵ ਨੂੰ ਸੁਰਤਿ ਬਖਸ਼ੀ ਹੈ, ਤਾਂ ਕਿ ਉਸਦਾ ਸ਼ਬਦ ਨਾਲ ਸੰਪਰਕ ਨਾ ਟੁਟੇ, ਤੇ ਸ਼ਬਦ ਦੇ ਹੁਕਮ ਅੰਦਰ ਉਸਦੀ ਸੁਰਤਿ ਕੰਮ ਕਰਦੀ ਰਹੇ। ਗੁਰਮੁਖ ਦੀ ਸੁਰਤਿ ਜਾਗ ਪੈਂਦੀ ਹੈ ਤੇ ਉਹ ਸ਼ਬਦ ਚੋਂ ਉਠ ਰਹੀ ਹੁਕਮ ਦੀ ਆਵਾਜ਼ (ਧੁਨਿ) ਨੂੰ ਸੁਚੇਤ ਅਵਸਥਾ ਵਿਚ ਸੁਣਦਾ ਹੈ ਤੇ ਉਸ ਅਨੁਸਾਰ ਕੰਮ ਕਰਦਾ



www.AKJ.Org

ਹੈ। ਦੂਜੇ ਪਾਸੇ ਮਨਮੁਖ ਅਤੇ ਹੋਰ ਹੇਠਲੇ ਪੱਧਰ ਦੀਆਂ ਜੂਨੀਆਂ ਹਨ, ਜਿਨ੍ਹਾਂ ਦੀ ਸੁਰਤਿ ਨੂੰ ਸ਼ਬਦ ਦੀ ਸੋਝੀ ਨਹੀਂ ਹੋ ਆਉਂਦੀ। ਵਰਤਦਾ ਤਾਂ ਉਹਨਾਂ ਵਿਚ ਭੀ ਸ਼ਬਦ ਦਾ ਹੁਕਮ ਹੀ ਹੈ, ਪਰ ਉਹਨਾਂ ਨੂੰ ਸੋਝੀ ਨਹੀਂ ਹੁੰਦੀ। ਫੁਰਮਾਨ ਹੈ—

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥੩੦॥

[ਸਿਰੀ ਰਾਗੁ ਮ: ੧, ਪੰਨਾ ੨੪-੨੫

ਸ਼ਬਦ ਦਾ ਮਾਰਗ ਰਸੀਆਂ ਦਾ ਮਾਰਗ ਹੈ। ਇਸ ਮਾਰਗ ਵਿਚ ਸਰਗੁਣੀ ਪੂਜਾ ਦੀ ਰੀਤੀ ਨਹੀਂ ਹੁੰਦੀ, ਕਰਮਕਾਂਡੀ ਅਡੰਬਰ ਦੀ ਭੀ ਲੋੜ ਨਹੀਂ ਰਹਿੰਦੀ। ਰਸਮੀ ਸਜਾਵਟਾਂ, ਰਾਸ ਲੀਲ੍ਹਾ ਆਦਿ ਦੀ ਕੋਈ ਹਾਜਤ ਨਹੀਂ ਰਹਿੰਦੀ। ਇਸ ਅੰਦਰ ਤਾਂ ਕੇਵਲ ਇਕ ਅੰਤਰ-ਦ੍ਰਿਸ਼ਟੀ ਦੀ ਲੋੜ ਹੈ। ਦੁਨਿਆਵੀ ਹੁਨਰ ਤੇ ਸ਼ਬਦ-ਸੁਰਤਿ ਹੁਨਰ ਵਿਚ ਇਕ ਬੁਨਿਆਦੀ ਅੰਤਰ ਹੈ। ਹੁਨਰਮੰਦ, ਚਾਹੇ ਉਹ ਰਾਗ ਦਾ ਪ੍ਰਬੀਨ ਹੈ, ਜਾਂ ਕਿਸੇ ਹੋਰ ਕਲਾ ਦਾ, ਉਹ ਆਪਣੀ ਕਲਾ ਦਾ, ਹਉਂ ਦੇ ਆਸਰੇ ਵਾਹ ਵਾਹ ਲੈਣ ਲਈ, ਪ੍ਰਗਟਾਉ ਕਰਦਾ ਹੈ। ਸ਼ਬਦ-ਸੁਰਤਿ ਦਾ ਹੁਨਰਮੰਦ ਆਪਣੇ ਆਪੇ ਨੂੰ ਸ਼ਬਦ ਵਿਚ ਸਮਾ ਕੇ, ਖ਼ਤਮ ਕਰ ਦਿੰਦਾ ਹੈ। ਉਸਦੀ ਵਖ ਹਸਤੀ ਸ਼ਬਦ ਵਿਚ ਸਮਾ ਜਾਂਦੀ ਹੈ—

ਸਬਦਿ ਮਰੈ ਸੋ ਮਰਿ ਰਹੈ, ਫਿਰਿ ਮਰੈ ਨ ਦੂਜੀ ਵਾਰ ॥੭॥੮॥

[ਸਿਰੀ ਰਾਗੁ ਅਸਟਪਦੀਆ ਮ: ੧, ਪੰਨਾ ੫੮

ਪਛਮੀ ਦੇਸ਼ਾਂ ਦੇ ਫ਼ਿਲਾਸਫ਼ਰਾਂ ਨੂੰ, ਜਾਂ ਸਾਮੀ ਧਰਮ-ਚਿੰਤਕਾਂ ਨੂੰ ਸ਼ਬਦ-ਸੁਰਤਿ ਦੀ ਗੱਲ ਅਜੇ ਨਹੀਂ ਫੁਰੀ। ਹਾਂ, ਭਾਰਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਫ਼ਲਸਫ਼ੇ ਰਾਜ ਜੋਗ (ਸਾਂਖ ਸ਼ਾਸਤਰ) ਤੇ ਹਠ ਯੋਗ (ਯੋਗ ਸ਼ਾਸਤਰ) ਵਿਚ ਸੁਰਤਿ ਅਤੇ ਧਿਆਨ-ਸਮਾਧੀ ਆਦਿ ਸੰਬੰਧੀ ਕਿੰਨਾ ਕੁਝ ਮਿਲਦਾ ਹੈ। ਰਾਜ ਯੋਗ ਅਤੇ ਹਠ ਯੋਗ ਵਿਚ ਇਕ ਸਿਧਾਂਤਕ ਅੰਤਰ ਹੈ। ਰਾਜ ਜੋਗ ਵਿਚ ਮਨ ਨੂੰ ਵਸ ਕਰਨ ਤੇ ਜ਼ੋਰ ਹੈ। ਮਨ ਦੇ ਅਧੀਨ ਇੰਦਰੀਆਂ ਅਤੇ ਪ੍ਰਾਣ ਮੰਨੇ ਹਨ। ਇਸ ਲਈ ਰਾਜ ਯੋਗੀ, ਮਨ ਨੂੰ ਮਾਰਨ ਲਈ ਉਸ ਵਿਚ ਉਠਦੇ ਫੁਰਨਿਆਂ ਨੂੰ ਜ਼ਬਰਦਸਤੀ ਰੋਕਦਾ ਹੈ। ਸੰਸਾਰ ਨੂੰ ਤਿਆਗ ਦਿੰਦਾ ਹੈ। ਵੇਦਾਂਤੀ ਤੇ ਖਟ-ਸ਼ਾਸਤਰੀਆਂ ਵਿਚ ਇਕ ਗੱਲ ਸਭ ਨੇ ਪਰਵਾਨ ਕੀਤੀ ਜਾਪਦੀ ਹੈ- ਉਦਾਸੀ ਧਾਰਨ ਕਰਨਾ (ਜਾਂ ਉਪਰਤਿ) ਅਤੇ ਇਸ ਨੂੰ ਗਿਆਨ-ਪ੍ਰਾਪਤੀ ਦਾ ਮਹਾਨ ਸਾਧਨ ਮੰਨਿਆ ਹੈ। ਜੈਮਨੀ ਜੀ ਦੇ ਸਾਂਖ ਦਾ ਅੰਤਮ ਨਿਸ਼ਾਨਾ ਭੀ ਗਿਆਨ ਪ੍ਰਾਪਤ ਕਰ ਕੇ, ਪੁਰਸ਼ ਨੂੰ ਪ੍ਰਕ੍ਰਿਤੀ ਤੋਂ ਅਜ਼ਾਦੀ ਦਿਵਾਉਣਾ ਹੈ।

ਤਿਆਗ ਦੇ ਅਰਥ ਵੇਦਾਂਤੀ ਜਾਂ ਸ਼ਾਸਤਰੀ ਫ਼ਲਸਫ਼ੇ ਅਨੁਸਾਰ ਇਹੋ ਕੱਢੇ ਗਏ ਹਨ ਕਿ ਸੰਸਾਰ ਬਿਕਾਰ ਮਾਇਆ ਹੈ, ਇਸ ਲਈ ਹਰ ਤਿਆਗੀ ਆਪਣੇ ਅੰਦਰ ਖ਼ਾਸ ਜਤਨਾਂ ਨਾਲ ਸੰਸਾਰਕ ਖੁਸ਼ੀਆਂ ਤੇ ਹਰ ਵਸਤੂ ਲਈ ਘ੍ਰਿਣਾ ਪੈਦਾ ਕਰੇ। ਘ੍ਰਿਣਾ ਨਾਲ ਹਿਰਦੇ ਵਿਚ ਉਪਰਾਮਤਾ ਆਉਂਦੀ ਹੈ। ਇਸ ਨਾਲ ਸਰੀਰ ਅਤੇ ਇਸ ਦੁਆਰਾ ਕੀਤੇ ਜਾਣ ਵਾਲੇ ਸਾਰੇ ਕੰਮਾਂ ਕਾਰਜਾਂ ਵਿਚ ਸਿਥਲਤਾ ਪੈਦਾ ਹੁੰਦੀ ਹੈ। ਗਿਆਨ-ਪ੍ਰਾਪਤੀ ਲਈ ਜਗਿਆਸੂ ਦੋ ਗੱਲਾਂ ਗ੍ਰਹਿਣ ਕਰਦਾ ਹੈ—ਇਕ ਸੰਸਾਰ ਦੀ ਹਰ ਚੀਜ਼ ਲਈ ਘ੍ਰਿਣਾ ਤੇ ਦੂਜਾ ਸੰਸਾਰ ਤੋਂ ਨਸ ਜਾਣ ਦੀ ਬਿਰਤੀ। ਪਰ ਗੁਰਮਤਿ ਇਸ ਦੇ ਬਿਲਕੁਲ ਉਲਟ ਉਪਦੇਸ਼ ਦਿੰਦੀ ਹੈ ਕਿ ਸੰਸਾਰ ਹਰੀ ਦਾ ਰੂਪ ਹੈ, ਉਸ ਨਾਲ ਪਿਆਰ ਕਰਨਾ ਚਾਹੀਦਾ ਹੈ। ਰਾਜ-ਯੋਗੀ ਮਨ ਨੂੰ ਕਾਬੂ ਕਰਨ ਦਾ ਇਤਨਾ ਜ਼ਿਆਦਾ ਸ੍ਰਮ ਕਰਦਾ ਹੈ ਕਿ ਉਸ ਦੀਆਂ ਇੰਦਰੀਆਂ ਬੇਕਾਰ ਹੋ ਜਾਂਦੀਆਂ ਹਨ। ਉਹ ਲਕੜ ਵਾਂਗ ਸੁੱਕ ਕੇ ਤਖ਼ਤਾ ਤੇ ਬੇਹਿਸ ਹੋ ਜਾਂਦਾ ਹੈ, ਅਤੇ ਇਉਂ ਪੁਰਸ਼ ਪ੍ਰਕ੍ਰਿਤੀ ਨਾਲੋਂ ਟੁਟ ਜਾਂਦਾ ਹੈ।

ਦੂਜੇ ਪਾਸੇ ਹੱਠ-ਜੋਗੀਆਂ ਨੇ ਮਨ ਨੂੰ ਪ੍ਰਾਣਾਂ ਦੇ ਅਧੀਨ ਮੰਨਿਆ ਹੈ। ਪ੍ਰਾਣਾਯਾਮ ਦੀ ਜੋਗ-ਕ੍ਰਿਆ



www.AKJ.Org

ਰਾਹੀਂ ਸੁਆਸਾਂ ਨੂੰ ਦਸਮ ਦੁਆਰ ਵਿਚ ਰੋਕ ਕੇ ਇੰਦਰੀਆਂ ਨੂੰ ਬੇਹਿਸ ਕਰਕੇ, ਕਈ ਕਈ ਸਾਲ ਰੋਕੀ ਰਖਦੇ ਹਨ। ਮਨ ਦੇ ਅੰਦਰਲੇ ਫੁਰਨਿਆਂ ਨੂੰ ਭੀ ਅਨਾਹਤ ਸ਼ਬਦ ਦੀ ਧੁਨੀ ਤੇ ਧਿਆਨ ਟਿਕਾ ਕੇ ਸਮਾਧੀ ਵਿਚ ਜੁੜ ਬੈਠਦੇ ਹਨ। 'ਅਨਾਹਤ' ਸਰੀਰ ਵਿਚ ਇਕ ਚਕ੍ਰ ਦਾ ਨਾਮ ਹੈ, ਜਿਸ ਵਿਚੋਂ ਦੀ ਜਦੋਂ ਪ੍ਰਾਣ ਗੁਜ਼ਰਦੇ ਹਨ ਤਾਂ ਉਹਨਾਂ ਦੀ ਰਗੜ ਨਾਲ ਅੰਦਰ ਹੀ ਇਕ ਆਵਾਜ਼ ਸੁਣੀਂਦੀ ਹੈ। ਇਸ ਨੂੰ ਅਨਾਹਤ ਸ਼ਬਦ ਕਹਿੰਦੇ ਹਨ ਤੇ ਇਹ ਸਭ ਕੁਝ ਮਨ ਦੀ ਇਕਾਗਰਤਾ ਦੇ ਸਾਧਨ ਮੰਨੇ ਗਏ ਹਨ। ਅੰਤਮ ਸੁੰਨ-ਸਮਾਧੀ ਲਈ ਹਠ-ਯੋਗੀ ਨੂੰ ਇਸ ਕਿਸਮ ਦੇ ਅਨਹਦ ਸ਼ਬਦ ਸੁਣਨ ਤੋਂ ਉਪਰ ਉਠਣ ਲਈ ਕਿਹਾ ਗਿਆ ਹੈ, ਕਿਉਂਕਿ ਭਾਵੇਂ ਸ਼ਬਦ ਕਿਤਨਾ ਹੀ ਸੂਖਮ ਹੈ, ਪਰ ਫਿਰ ਭੀ ਇਸ ਨੂੰ ਮਾਦੀ (material) ਸਮਝ ਕੇ ਤਿਆਗਣ ਦਾ ਹੁਕਮ ਹੈ। ਇੰਜ ਉਹ ਰੂਪ ਤੇ ਸ਼ਬਦ ਦੋਹਾਂ ਨੂੰ ਛਡ ਕੇ ਸਮਾਧੀ ਪੱਕੀ ਕਰਦਾ ਹੈ। ਸਾਂਖ ਤੇ ਜੋਗ ਮਤ ਵਾਲੇ ਪੁਰਸ਼ ਨੂੰ ਸਤਿ ਅਤੇ ਚਿਤ ਮੰਨਦੇ ਹਨ। ਉਨ੍ਹਾਂ ਦੇ ਕਥਨ ਅਨੁਸਾਰ ਪੱਕੀ ਸਮਾਧੀ ਨਾਲ ਪੁਰਸ਼ ਆਪਣੇ ਨਿਜ ਸਰੂਪ ਵਿਚ ਸਤਿ ਅਤੇ ਚਿਤ ਸਰੂਪ ਵਿਚ ਸਥਿਤ ਹੋ ਜਾਂਦਾ ਹੈ। ਇਸ ਮੱਤ ਅਨੁਸਾਰ ਪ੍ਰਾਣੀ ਦਾ ਜਨਮ ਮਰਨ ਦਾ ਸਿਲਸਿਲਾ ਓਦੋਂ ਮੁਕਦਾ ਹੈ ਜਦੋਂ ਉਹ ਸੰਸਾਰ ਛੱਡ ਕੇ ਲਕੜ ਵਾਂਗ ਤਖ਼ਤਾ ਬਣ ਕੇ ਰਹਿ ਜਾਂਦਾ ਹੈ। ਉਦੋਂ ਉਹ ਸਤਿ ਅਤੇ ਚਿਤ ਸਰੂਪ ਮੰਨਿਆ ਜਾਂਦਾ ਹੈ। ਅਨੰਦ ਸਰੂਪ ਜੋਗੀਆਂ ਦੀ ਕਲ਼ਪਨਾ ਵਿਚ ਹੈ ਹੀ ਨਹੀਂ।

ਪਰ ਗੁਰਮਤਿ ਦੇ ਸ਼ਬਦ-ਸੁਰਤਿ ਦੀ ਗੱਲ ਸ੍ਰੀ ਗੁਰੂਦੇਵ ਜੀ ਨੇ ਜੋਗੀਆਂ ਨੂੰ ਆਪ ਹੀ ਸਮਝਾਈ ਤਾਂ ਸੀ, ਪਰ ਉਹਨਾਂ ਨੇ ਪਲੇ ਬੱਧੀ ਹੀ ਨਹੀਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀਆਂ ਨੂੰ ਇਉਂ ਉਪਦੇਸ਼ਿਆ—

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥
ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥
ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥੯॥

[ਮਾਰੂ ਮਹਲਾ ੧, ਪੰਨਾ ੯੯੧

ਇਸ ਸ਼ਬਦ ਦੀ ਵਿਆਖਿਆ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਐਉਂ ਕੀਤੀ ਹੈ :—

"ਐ ਹੱਠ ਯੋਗੀ! ਤੂੰ ਭਾਵੇਂ ਕਿੰਨਾ ਹੀ ਸੂਰ ਸਰੁ (ਸੂਰਜ ਦੀ ਸੂਰਮਈ ਸੱਜੀ ਨਾੜੀ) ਨੂੰ ਸੋਖ ਲੈ ਅਤੇ ਕਿੰਨਾ ਹੀ ਸੋਮ ਸਰੁ (ਚੰਦ੍ਰਮਾ ਦੀ ਸੁਰ ਖੱਬੀ ਨਾੜੀ) ਨੂੰ ਪੋਖ ਲੈ, ਇਹ ਤੇਰੀਆਂ ਇੜਾ ਪਿੰਗਲਾ ਦੀ ਸੋਖਣ ਪੋਖਣ ਦੀਆਂ ਜੁਗਤੀਆਂ ਸਭ ਬਿਰਥੀਆਂ ਹਨ। ਇਨ੍ਹਾਂ ਜੁਗਤੀਆਂ ਨੂੰ ਕਰਿ ਕਰਿ ਥਕਿ ਮਰ ਕੇ ਤੂੰ ਭਾਵੇਂ ਕਿਤਨਾ ਹੀ ਇੜਾ, ਪਿੰਗਲਾ, ਸੁਖਮਨਾ ਨੂੰ ਮੇਲਣ (ਸੰਬੰਧਨ, ਸੰਬੰਧ ਕਰਨ) ਦਾ ਜਤਨ ਕਰ ਲੈ, ਸਭ ਬਿਰਥਾ ਹੈ। ਸੱਚੀ ਗੁਰਮਤਿ ਸਹਿਜ ਜੋਗ ਦੀ ਜੁਗਤੀ ਧਾਰਨ ਕੀਤੇ ਬਿਨਾ ਤੇਰਾ ਪਾਰ-ਉਤਾਰਾ ਨਹੀਂ ਹੋਣਾ। ਜੋ ਸੱਚੀ ਗੁਰਮਤਿ ਸਹਿਜ-ਜੋਗ ਜੁਗਤੀ ਤੁਰਤ ਫੁਰਤ ਹੀ ਤੇਰਾ ਪਾਰ-ਉਤਾਰਾ ਕਰਨ ਨੂੰ ਸਮਰੱਥ ਹੈ, ਸੋ ਜੁਗਤੀ ਗੁਰਮਤਿ ਨਾਮ ਅਭਿਆਸ ਕਮਾਈ ਦੀ ਜੁਗਤੀ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਰਸ-ਜੋਤਿ-ਭਰੱਬੀ ਪਵਨ, ਜਦ ਨਾਭੀ ਅੰਦਰ ਜਾ ਟਿਕਦੀ ਹੈ ਤਾਂ ਨਾਭ-ਕਮਲ ਨੂੰ ਹਰਾ ਭਰਾ ਕਰ ਕੇ (ਵਿਗਸਾ ਕੇ, ਰਸ-ਰਸਾ ਕੇ) ਸੁਰਤੀ ਨੂੰ ਸੁਆਸਾਂ ਸਮੇਤ ਐਸੀ ਫੁਰਤੀ ਨਾਲ ਗਗਨ (ਨਾਭ ਤੇ ਨਭ) ਨੂੰ ਉਡਾਰੀਆਂ ਦਿੰਦੀ ਹੈ, ਜੈਸੇ ਕਿ ਮੀਨ ਮਛਲੀ ਜਲ ਵਿਚ ਤਾਰੀਆਂ ਲਾਉਂਦੀ ਹੋਈ ਇਕੋ ਉਲਟ-ਪਵਣ-ਹੁਜਕਣੀ ਡੁਬਕਣੀ


www.AKJ.Org

ਨਾਲ ਅਥਾਹ ਸਮੁੰਦਰ ਵਿਚ ਕਿਤੇ ਦੀ ਕਿਤੇ ਜਾ ਪਹੁੰਚਦੀ ਹੈ ਅਤੇ ਵਿਚੇ ਵਿਚ ਘੰਟਿਆਂ ਬੱਧੀ ਆਪਣੇ ਆਪ ਨੂੰ ਸਮਾਈ ਰਖਦੀ ਹੈ। ਨਾ ਉਸ ਦਾਂ ਦਮ ਹੁੱਟ ਹੁੰਦਾ ਹੈ, ਨਾ ਸੁਆਸ ਹੁਚਕਦਾ ਹੈ। ਮਛਲੀ ਦੀ ਜੀਵਨ-ਜੁਗਤਿ-ਗਤਿ ਕੁਦਰਤ ਨੇ ਐਸੀ ਸਾਜੀ ਹੈ ਕਿ ਜਦ ਜੀਅ ਚਾਹੇ, ਅਤੇ ਜਿੰਨਾ ਚਿਰ ਚਾਹੇ, ਜਲ ਦੀ ਉਪਰਲੀ ਸਤਾ ਉਪਰ ਤਰਦੀ ਰਹੇ, ਅਤੇ ਜਦ ਜੀਅ ਚਾਹੇ, ਅਤੇ ਜਿਤਨਾ ਚਿਰ ਚਾਹੇ, ਜਲ ਦੇ ਅੰਦਰ ਗੋਤਾ ਲਾਈ ਰਖੇ, ਉਸ ਦਾ ਦਮ ਹੁਟਦਾ ਨਹੀਂ। ਇਕ ਸੂਟ ਵਟ ਕੇ ਤੇ ਚਪਲ ਕਰ ਕੇ ਜਲ ਦੀ ਅਸਗਾਹ ਡੂੰਘਾਈ ਅੰਦਰ ਜਾ ਡੁਬਕਣੀ ਮਾਰਦੀ ਹੈ। ਜਲ ਅੰਦਰ ਇਸ ਬਿਧਿ ਗੋਤਾ-ਮਾਰਨੀ-ਸੂਟ ਜਦੋਂ ਮਛਲੀ ਸੂਟਦੀ ਹੈ ਤਾਂ ਓਦੋਂ ਹੀ ਪਤਾ ਲਗਦਾ ਹੈ ਜਦ ਜਲ ਵਿਚ ਸੂਟ ਕਰਨ ਸਮੇਂ ਚਪਲ ਦੀ ਅਵਾਜ਼ ਹੁੰਦੀ ਹੈ।

"ਏਸੇ ਪਰਕਾਰ ਸ਼ਬਦ-ਸੁਰਤਿ ਅਭਿਆਸੀ ਗੁਰਮੁਖਿ ਜਨ ਰਸ-ਗੀਧੇ-ਬੀਧੇ ਅਤੇ ਜੋਤਿ-ਵਿਗਸੀਧੇ ਹੋ ਕੇ, ਅਭਿਆਸ ਕਰਦੇ ਕਰਦੇ (ਖੰਡਾਂ ਸੁਆਸਾਂ ਦਾ ਖੜਕਾਉਂਦੇ ਖੜਕਾਉਂਦੇ) ਨਾਭੀ ਵਿਚ ਪਵਨ ਨੂੰ ਦਬ ਕੇ ਇਕੋ ਹੀ ਹੁਜਕੇ ਨਾਲ ਨਭ-ਨਾਭ ਦੀਆਂ ਉਚਾਈਆਂ ਡੂੰਘਾਈਆਂ ਵਿਖੇ ਜਾ ਉਡਾਰੀਆਂ ਲਾਉਂਦੇ ਹਨ ਅਤੇ ਜਿਤਨਾ ਚਿਰ ਚਾਹੁਣ, ਇਸ ਟਿਕਾਉ ਵਿਖੇ ਟਿਕ ਕੇ ਨਿਸਚਲ ਹੋਏ ਵੇ ਅਨੰਦ ਮਾਨਣ। ਇਸ ਸਹਿਜ-ਜੋਗ-ਜੁਗਤੀ-ਮੇਈ ਗੁਰਮਤਿ-ਅਭਿਆਸ-ਕਲਾ ਦੁਆਰਾ ਨਾ ਤਾਂ ਇਹ ਤੌਖਲਾ ਰਹਿੰਦਾ ਹੈ ਕਿ ਉਨ੍ਹਾਂ ਦਾ ਜੀਉ ਪੰਖੇਰੂ (ਰੂਹ, ਹੰਸ) ਦੇਹੀ ਵਿਚੋਂ ਨਿਕਲ ਜਾਵੇਗਾ, ਨਾ ਹੀ ਇਹ ਖ਼ਤਰਾ ਹੁੰਦਾ ਹੈ ਕਿ ਉਨ੍ਹਾਂ ਦੀ ਦੇਹੀ ਰੂਪ ਕੰਧ ਬਿਨਸ ਜਾਏਗੀ, ਕਿਉਂਕਿ ਸੁਆਸ ਤਾਂ ਉਨ੍ਹਾਂ ਦੇ ਹੁਟਦੇ ਸੰਘੁਟਤੇ ਨਹੀਂ। ਸਹਿਜ ਅਨੰਦ ਵਿਚ ਵਿਗਸੇ ਹੋਏ ਪੁਰਖ-ਪਰਮਾਤਮ-ਜੋਤਿ ਵਿਚ ਭਰਪੂਰ ਲੀਣੇ ਰਹਿੰਦੇ ਹਨ। ਮਨ ਭੀ ਚਲਾਇਮਾਨ ਨਹੀਂ ਹੁੰਦੇ। ਇਸ ਕਰਕੇ ਸੁਰਤੀ ਅਡੋਲ-ਰਸ-ਬੀਧੀ ਗਗਨ-ਉਡਾਰੀਆਂ ਮਾਰਦੀ ਰਹਿੰਦੀ ਹੈ। ਗੁਰੂ ਜੀ ਇਸ ਤਰ੍ਹਾਂ ਬਪੁੜੇ ਹੱਠ-ਜੋਗੀਆਂ ਨੂੰ ਸੁਮੱਤ ਦਿੰਦੇ ਹਨ ਕਿ ਐ ਜੋਗੀ, ਸੱਚਾ ਸਹਿਜ-ਜੋਗ ਜਿਨ੍ਹਾਂ ਕਮਾਉਣਾ ਹੈ, ਤਿਨ੍ਹਾਂ ਨੂੰ ਚਾਹੀਦਾ ਹੈ ਕਿ "ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ" ਵਾਲੀ ਗੁਰਮਤਿ-ਜੁਗਤੀ ਗ੍ਰਹਿਣ ਕਰਨ। ਇਸ ਬਿਧਿ ਉਪਰ ਦਸੇ ਅਨੁਸਾਰ "ਉਡੈ ਨਹ ਹੰਸੁ ਨਹ ਕੰਧੁ ਛੀਜੈ" ਵਾਲੀ ਸਹਿਜ ਵਿਉਂਤ ਬਣ ਆਉਂਦੀ ਹੈ। ਨਹੀਂ ਤਾਂ ਝੂਠੇ ਹੱਠ-ਜੋਗ ਕਰ ਕੇ ਮੂੜੇ ਹੱਠ-ਜੋਗੀ ਭਰਮ ਵਿਚ ਭੁਲੇ ਫਿਰਦੇ ਹਨ। ਉਨ੍ਹਾਂ ਤੋਂ ਪਰਮਾਨੰਦ ਬੈਰਾਟ, ਅਤੀਤ ਬੈਰਾਟ ਰੂਪ ਪਾਰਬ੍ਰਹਮ ਨਹੀਂ ਚੀਨਿਆ ਜਾਂਦਾ। ਪਰਮਾਨੰਦ ਤਾਂ ਕੀ ਚੀਨਿਆ ਜਾਣਾ ਸੀ, ਉਨ੍ਹਾਂ ਤੋਂ ਤਾਂ ਆਪਾ ਹੀ ਨਹੀਂ ਚੀਨਿਆ ਜਾਂਦਾ।"

(ਪੁਸਤਕ 'ਅਨਹਦ ਸ਼ਬਦ ਦੰਸਮ ਦੁਆਰ' ਵਿਚੋਂ

ਬਲਿਹਾਰੀ ਕੁਦਰਤਿ ਵਸਿਆ ॥੧॥ ਰਹਾਉ ॥੧੨॥ [ਵਾਰ ਆਸਾ ਮ: ੧, ਪੰਨਾ ੪੬੯

ਤੇ ਵਿਸਮਾਦ ਦਾ ਅਰੰਭ ਹੀ ਅਨੰਦ ਤੋਂ ਹੈ।

ਜਾਂ—ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣ ਪੂਰੈ ਭਾਗਿ ॥੧॥੩॥

[ਵਾਰ ਆਸਾ ਮ: ੧, ਪੰਨਾ ੪੬੪

ਸੁਰਤਿ ਦੇ ਮਾਰਗ ਵਿਚ ਮਨ ਨੂੰ ਕੁਟਣ ਮਾਰਨ, ਇੰਦਰੀਆਂ ਨੂੰ ਬੇਹਿਸ ਕਰ ਦੇਣ ਦਾ ਸਵਾਲ ਹੀ ਨਹੀਂ। ਸੰਸਾਰ ਤਾਂ ਹਰਿ ਕਾ ਰੂਪ ਹੈ। ਇਸ ਨਾਲ ਘ੍ਰਿਣਾ ਤਾਂ ਕੀ ਕਰਨੀ ਹੈ, ਇਸ ਦੀ ਕਿਸੇ ਵਸਤੂ ਦੀ ਨਿੰਦਾ ਭੀ ਨਹੀਂ ਕਰਨੀ, ਕਿਉਂਕਿ ਪ੍ਰਭੂ-ਪਿਤਾ ਨੇ ਆਪ ਉਸਨੂੰ ਸਾਜਿਆ ਹੈ—

ਨਿੰਦਉ ਨਾਹੀ ਕਾਹੂ ਬਾਤੈ, ਏਹੁ ਖਸਮ ਕਾ ਕੀਆ ॥੩॥੯॥ [ਸੋਰਠਿ ਮ: ੫, ਪੰਨਾ ੬੧੧॥

ਇਸ ਮਾਰਗ ਵਿਚ ਘ੍ਰਿਣਾ ਦੀ ਥਾਂ ਖੇੜਾ ਹੈ। ਇਸ ਲਈ ਸਤਿਗੁਰੂ ਜੀ ਨੇ ਸੰਕੇਤ ਦੇ ਦਿਤੇ ਕਿ ਸਾਡਾ



www.AKJ.Org

ਮਾਰਗ ਵੇਦਾਂ ਸ਼ਾਸਤਰਾਂ ਤੋਂ ਨਿਆਰਾ ਹੈ। 'ਗੁਰਮਤਿ' ਵੇਦ-ਕਤੇਬੀ ਕੈਦ ਵਿਚ ਨਹੀਂ, ਇਸ ਤੋਂ ਪਰੇ ਹੈ।

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥੬॥੩॥੧੦੫॥ [ਆਸਾ ਮ: ੫, ਪੰਨਾ ੩੯੭

ਹਾਂ, ਵਿਸਮਾਦ ਨੂੰ ਸੁਰਤਿ ਨਾਲ ਹੀ ਅਨੁਭਵ ਕੀਤਾ ਜਾ ਸਕਦਾ ਹੈ।

ਕੁਦਰਤਿ ਦਿਸੈ, ਕੁਦਰਤਿ ਸੁਣੀਐ, ਕੁਦਰਤਿ ਭਉ ਸੁਖ ਸਾਰੁ ॥
ਕੁਦਰਤਿ ਪਾਤਾਲੀ ਆਕਾਸੀ, ਕੁਦਰਤਿ ਸਰਬ ਆਕਾਰੁ ॥
ਕੁਦਰਤਿ ਵੇਦ ਪੁਰਾਣ ਕਤੇਬਾ, ਕੁਦਰਤਿ ਸਰਬ ਵੀਚਾਰੁ ॥
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ, ਪਾਕੀ ਨਾਈ, ਪਾਕੁ ॥੨॥੩॥
[ਵਾਰ ਆਸਾ ਮ: ੧, ਪੰਨਾ ੪੬੪

ਉਹ ਕੇਵਲ ਬਾਹਰ ਹੀ ਨਹੀਂ, ਬਲਕਿ ਸੁਰਤਿ ਰਾਹੀਂ ਭੀ ਆਪਣੇ ਅੰਦਰ ਦਿਬ ਨੇਤਰਾਂ ਦੁਆਰਾ ਰੱਬੀ ਚਾਨਣੇ ਦਾ ਅਨੁਭਵ ਕਰਦਾ ਹੈ—

ਸੁਰਤੀ ਕੈ ਮਾਰਗਿ ਚਲਿ ਕੈ, ਉਲਟੀ ਨਦਰਿ ਪ੍ਰਗਾਸੀ ॥੩॥੮॥ [ਪ੍ਰਭਾਤੀ ਮ: ੧, ਪੰਨਾ ੧੩੨੯

ਜਗਿਆਸੂ ਦੇ ਅੰਤਰ-ਆਤਮੇ ਪ੍ਰਭੂ ਦੇ ਦਰਸ਼ਨ ਦੀਦਾਰੇ, ਜ਼ਾਹਰਾ ਜ਼ਰੂਰ ਝਲਕਾਰੇ ਵਜਦੇ ਹਨ :—

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ, ਤੇਰਾ ਭਾਉ ਨ ਬੁਝਹਿ ਗਵਾਰੀ ॥੨॥੭॥
[ਸੋਰਠਿ ਮ: ੪, ਪੰਨਾ ੬੦੭

ਬਿਸਮੁ ਪੇਖੈ, ਬਿਸਮੁ ਸੁਣੀਐ, ਬਿਸਮਾਦੁ ਨਦਰੀ ਆਇਆ ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ, ਘਟਿ ਘਟਿ ਰਹਿਆ ਸਮਾਇਆ ॥੪॥੨॥
[ਸੂਹੀ ਛੰਤ ਮ: ੫, ਪੰਨਾ ੭੭੮

ਸ਼ਬਦ-ਸੁਰਤਿ ਵਾਲਾ ਨਿਰਗੁਣ ਦਾ ਉਪਾਸ਼ਕ ਹੈ। ਸਤਿਗੁਰੂ ਜੀ ਨੇ ਉਸ ਨੂੰ ਪ੍ਰੇਮ ਦੀ ਜਾਚ ਸਿਖਾਈ ਹੈ। ਉਸ ਨੇ ਘ੍ਰਿਣਾ ਨਹੀਂ ਕਰਨੀ, ਕੇਵਲ ਪ੍ਰੇਮ ਕਰਨਾ ਹੈ। ਇਹ ਵੇਦਾਂਤੀ ਵੈਰਾਗ ਮਾਰਗ ਨਹੀਂ। ਇਸ ਨੂੰ ਪ੍ਰੇਮ-ਵੈਰਾਗ ਆਖਿਆ ਜਾਂਦਾ ਹੈ। ਵੈਰਾਗ ਦੀ ਥਾਂ ਇਥੇ ਰਾਗ ਹੈ, ਅਨੁਰਾਗ ਹੈ। ਉਸ ਨੂੰ ਚਾਰ ਚੁਫੇਰੇ ਕੁਦਰਤਿ ਵਿਚ ਅਨੁਰਾਗ ਹੀ ਫੈਲਿਆ ਦਿਸਦਾ ਹੈ—

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥ [ਜਾਪ ਸਾਹਿਬ ਪ: ੧੦

ਹਰ ਇਕ ਚੀਜ਼ ਉਪਰ ਵਿਸਮਾਦ ਦਾ ਰੰਗ ਚੜ੍ਹਿਆ ਜਾਪਦਾ ਹੈ। ਜੋਗੀਆਂ ਲਈ ਸੁੰਨ, ਪਰਮ ਸੁੰਨ, ਨਿਰੰਤਰ ਸੁੰਨ ਬੜੀਆਂ ਉਚੀਆਂ ਟੀਸੀਆਂ ਹਨ। ਪਰ ਗੁਰੂ ਦੇਵ ਜੀ ਨੂੰ ਉਸ ਸੁੰਨ ਦੀਆਂ ਟੀਸੀਆਂ ਤੇ ਵੀ ਵਿਸਮਾਦ ਦੀ ਰੰਗਣ ਚੜ੍ਹੀ ਭਾਸਦੀ ਹੈ। ਸਿਧ ਗੋਸਟਿ ਵਿਚ ਸਿਧਾਂ ਦੇ ਸਵਾਲ ਦਾ ਆਪ ਉਤਰ ਦੇ ਰਹੇ ਹਨ—

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ, ਸੁੰਨ ਨਿਰੰਤਰਿ ਵਾਸੁ ਲੀਆ ॥੨੩॥
[ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੦

ਅਜਿਹਾ ਉਹ ਸੁਰਤਿ ਦੇ ਸਹਾਰੇ ਕਰਦਾ ਹੈ।

ਉਤਭੁਜੁ ਚਲਤੁ ਕੀਆ ਸਿਰਿ ਕਰਤੈ, ਬਿਸਮਾਦੁ ਸਬਦਿ ਦੇਖਾਇਦਾ ॥੭॥
[ਮਾਰੂ ਸੋਲਹੇ ਮ: ੧, ਸਫਾ ੧੦

ਪਰਮਾਤਮਾ ਦੇ ਦੋ ਰੂਪ ਮੰਨੇ ਜਾਂਦੇ ਹਨ। ਇਕ ਸਰਗੁਣ ਤੇ ਦੂਜਾ ਨਿਰਗੁਣ। ਸਰਗੁਣੀ ਸਰੂਪ ਮਨ ਬੁਧੀ ਤੇ ਇੰਦਰੀਆਂ ਦਾ ਵਿਸ਼ਾ ਹੈ, ਪਰ ਨਿਰਗੁਣ ਸਰੂਪ ਅਗੰਮ (ਮਨ ਬੁਧੀ ਦੀ ਪਹੁੰਚ ਤੋਂ ਪਰੇ) ਹੈ ਤੇ ਅਗੋਚਰ (ਇੰਦਰੀਆਂ ਦੇ ਅਨੁਭਵ ਤੋਂ ਭੀ ਪਰੇ) ਹੈ। ਇਥੇ ਅਪੜ ਕੇ ਸੁਰਤਿ ਦੁ-ਭਾਸ਼ੀ (interpreter) ਦਾ ਕੰਮ ਕਰਦੀ ਹੈ। ਸੁਰਤਿ ਨੂੰ ਨਿਰਗੁਣ ਤੇ ਸਰਗੁਣ ਰੱਬੀ ਇਸ਼ਾਰਿਆਂ ਨੂੰ ਰੂਪਮਾਨ ਕਰ ਸਕਣ ਦੀ ਪੂਰਨ


www.AKJ.Org

ਸੋਝੀ ਹੈ। ਮੰਨੈ, ਸੁਰਤਿ ਹੋਵੈ ਮਨਿ ਬੁਧਿ ॥ ਮੰਨੈ, ਸਗਲ ਭਵਣ ਕੀ ਸੁਧਿ ॥੧੩॥ [ਜਪੁਜੀ, ਪੰਨਾ ੩

ਮਨ ਦਾ ਖੇਤਰ ਫੁਰਨੇ, ਸੰਕਲਪ ਵਿਕਲਪ, ਇੱਛਾ, ਲਾਲਸਾ, ਕਾਮਨਾ ਕਰਨਾ ਹੈ। ਬੁਧੀ ਦਾ ਖੇਤਰ ਗਿਆਨ-ਇੰਦਰੀਆਂ ਤੋਂ ਪ੍ਰਾਪਤ ਹੋਏ ਸੰਕੇਤਾਂ ਨੂੰ, ਮਨ ਦੇ ਫੁਰਨਿਆਂ ਨੂੰ ਬੜੇ ਤਰਕ ਨਾਲ, ਵਿਵੇਕ ਵਿਚਾਰ ਨਾਲ ਸੋਧ-ਸੁਧਾਈ ਕਰਕੇ ਨਿਰਖਣਾ ਪਰਖਣਾ ਹੁੰਦਾ ਹੈ। ਪਰ ਇਹ ਸਭ ਕੁਝ ਪੰਜ ਤੱਤਾਂ ਤੋਂ ਉਪਜੇ ਮੰਨੇ ਜਾਂਦੇ ਹਨ। ਮਨ ਬਾਰੇ ਗੁਰਬਾਣੀ ਵਿਚ ਸੰਕੇਤ ਹੈ—

ਇਹੁ ਮਨੁ ਪੰਚ ਤਤੁ ਤੇ ਜਨਮਾ ॥੩॥ [ਆਸਾ ਮ: ੧, ਪੰਨਾ ੪੧੫

ਬੁਧੀ ਭੀ ਮਨ ਵਾਂਗ ਪੰਚ ਤਤਾਂ ਤੋਂ ਪ੍ਰਾਪਤ ਸੰਕੇਤਾਂ ਦੇ ਵਿਸ਼ਲੇਸ਼ਣ ਦੀ ਇਕ ਪ੍ਰਯੋਗਸ਼ਾਲਾ ਹੈ। ਹੈ ਬੜੇ ਵਿਸਮਾਦ ਦੀ ਗੱਲ। ਪਰ ਇਸ ਤੋਂ ਉਪਰ ਪਰਾ-ਭੌਤਕ ਸੰਕੇਤਾਂ ਦਾ ਵਿਸ਼ਲੇਸ਼ਣ ਕੇਵਲ ਸੁਰਤਿ ਹੀ ਕਰ ਸਕਦੀ ਹੈ। ਉਸ ਦਾ ਅਸਥਾਨ ਹੈ ਹਿਰਦਾ। ਸੁਰਤਿ ਹਿਰਦੇ ਵਿਚ ਸ਼ਬਦ ਦੇ ਨਾਲ ਰਹਿੰਦੀ ਹੈ।

ਜੋਗ ਸਾਧਨਾ ਤੋਂ ਅੱਡ ਗੁਰੂ ਪਾਤਸ਼ਾਹ ਇਕ ਨਵੇਂ ਮਾਰਗ ਦਾ ਪੱਥ-ਪ੍ਰਦਰਸ਼ਨ ਕਰਦੇ ਹਨ। ਉਹ ਹੈ ਸ਼ਬਦ-ਸੁਰਤਿ ਮਾਰਗ।

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥੯॥੨੮॥੨੯॥
[ਮਾਝ ਮ: ੩, ਪੰਨਾ ੧੨੬

ਪੁਨਾ :— ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥......
ਗੁਰ ਪੂਰੇ ਤੇ ਪਾਈਐ, ਹਿਰਦੈ ਦੇਇ ਦਿਖਾਈ ॥੧੩॥
[ਸਾਰੰਗ ਕੀ ਵਾਰ ਮ: ੪, ਪੰਨਾ ੧੨੪੨

ਇਉਂ ਜਾਗੀ ਹੋਈ ਸੁਰਤਿ ਮਨ ਤੇ ਬੁਧੀ ਨੂੰ ਭੀ ਰੱਬੀ ਤੁਣਕਾ ਮਾਰ ਕੇ, ਹਿਲੋਰਾ ਦੇ ਕੇ, ਉਸ ਵਿਚ ਇਕ ਨਵੀਂ ਚੇਤਨਾ ਪੈਦਾ ਕਰ ਦਿੰਦੀ ਹੈ। ਉਸ ਨੂੰ ਬਿਬੇਕ ਬੁਧਿ ਕਿਹਾ ਹੈ।

ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥੪॥੧॥ [ਟੋਡੀ ਮ: ੪, ਪੰਨਾ ੭੧੧ ਇਸ ਬਾਰੇ ਗੁਰਬਾਣੀ ਨੇ ਇਉਂ ਸੰਕੇਤ ਕੀਤਾ ਹੈ :—

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥੧॥੯॥ [ਸੋਰਠਿ ਮ: ੪, ਪੰਨਾ ੬੬੫
ਕਹਿ ਕਬੀਰ ਬੁਧਿ ਹਰਿ ਲਈ ਮੇਰੀ, ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥
[ਗਉੜੀ ਕਬੀਰ ਜੀ, ਪੰਨਾ ੩੩੯

ਬੁਧੀ ਫਿਰ ਬਦਲ ਜਾਂਦੀ ਹੈ। ਸੰਸਾਰਕ ਤੱਤਾਂ ਤੋਂ ਉਚਿਆਂ ਉਠ ਜਾਂਦੀ ਹੈ।

ਸੁਰਤਿ ਨੂੰ ਚੁੰਬਕੀ ਸੂਈ ਨਾਲ ਤੁਲਨਾ ਦਿਤੀ ਜਾ ਸਕਦੀ ਹੈ, ਜੋ ਹਰ ਹਾਲਤ ਵਿਚ ਆਪਣੇ ਧੁਰੇ ਤੇ ਟੰਗੀ ਹੋਈ ਵੀ ਧ੍ਰੂਅ ਤਾਰੇ ਵਲ ਸਦਾ ਸਨਮੁਖ ਰਹਿੰਦੀ ਹੈ। ਸੁਰਤਿ ਸਦਾ ਨਾਮ-ਨਿਰੰਜਨ ਵਲ ਸਨਮੁਖ ਰਹਿੰਦੀ ਹੈ, ਚਾਹੇ ਬੰਦ ਬੰਦ ਕਟੇ ਜਾਣ, ਚਾਹੇ ਸਰਬੰਸ ਸਾਰਾ ਉਸਦੇ ਹੁਕਮ ਤੋਂ ਵਾਰਿਆ ਜਾਵੇ, ਸੁਰਤਿ ਵਾਲਾ ਬੰਦਾ ਸੁਕ ਕੇ ਲਕੜ ਨਹੀਂ ਬਣਦਾ, ਉਹ ਸਦਾ ਚਾਉ ਵਿਚ, ਸਦਾ ਉਮਾਉ ਵਿਚ ਰਹਿੰਦਾ ਹੈ। ਉਹ ਨਾਮ ਦਾ ਰਸੀਆ ਹੁੰਦਾ ਹੈ। ਜੋਗ ਦਾ ਮਾਰਗ ਸਮਾਧੀ ਹੈ ਤੇ ਧਿਆਨ ਹੈ ਅਤੇ ਇਹੋ ਹੀ ਉਨ੍ਹਾਂ ਦੇ ਮਨ ਦਾ ਟਿਕਾਉ ਹੈ। ਪਰ ਸੁਰਤਿ ਵਾਲਾ ਬੰਦਾ ਸਮਾਧੀਆਂ ਨਹੀਂ ਲਾਉਂਦਾ। ਉਹ ਸੁਰਤਿ ਰਾਹੀਂ ਸਦਾ ਜੁੜਿਆ ਰਹਿੰਦਾ ਹੈ। ਉਸ ਦੇ ਲਈ ਤਾਂ ਇਕ ਖਿਨ ਪਲ ਭੀ ਨਾਮ-ਨਿਰੰਜਨ ਤੋਂ ਵਿਛੜਨਾ ਮੌਤ ਬਰਾਬਰ ਹੁੰਦਾ ਹੈ। ਗੁਰਮਤਿ ਧਿਆਨ-ਮਾਰਗ ਨਹੀਂ, ਪ੍ਰੇਮ-ਯਾਦ-ਮਾਰਗ ਹੈ।

ਆਖਾ ਜੀਵਾ ਵਿਸਰੈ ਮਰਿ ਜਾਉ ॥੧॥੨॥ [ਆਸਾ ਮ: ੧, ਪੰਨਾ ੩੪੯



www.AKJ.Org

ਇਕ ਘੜੀ ਦਿਨਸੁ ਮੋਕਉ ਬਹੁਤੁ ਦਿਹਾਰੇ ॥
ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥੧॥
ਇਕ ਪਲੁ ਦਿਵਸੁ ਮੋ ਕਉ ਕਬਹੁ ਨ ਬਿਹਾਵੈ ॥
ਦਰਸਨ ਕੀ ਮਨਿ ਆਸ ਘਨੇਰੀ, ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ਰਹਾਉ॥
[ਆਸਾ ਮ: ੫, ਪੰਨਾ ੩੭੪-੭੫

ਖਿਨ ਖਿਨ ਪ੍ਰੀਤਮ ਦੀ ਯਾਦ, ਸੁਆਸ ਸੁਆਸ ਨਾਮ, ਸ਼ਬਦ ਵਿਚ ਟਿਕੇ ਰਹਿਣਾ ਗੁਰਮਤਿ ਹੈ। ਭਾਵ ਇਹ ਹੈ ਕਿ ਸੁਰਤਿ ਦਾ ਰਸੀਆ ਨਾਮ-ਨਿਰੰਜਨ ਦੇ ਰਸ ਵਿਚ ਐਸਾ ਮਗਨ ਹੁੰਦਾ ਹੈ ਕਿ ਇਕ ਘੜੀ ਪਲ ਲਈ ਉਸ ਰਸ ਤੋਂ ਟੁਟਣ ਨੂੰ ਉਸਦਾ ਜੀਅ ਨਹੀਂ ਕਰਦਾ।

ਜਾ ਕਉ ਰਸੁ ਹਰਿ ਰਸੁ ਹੈ ਆਇਓ ॥ ਸੋ ਅਨਰਸੁ ਨਾਹੀ ਲਪਟਾਇਓ ॥
[ਗਉੜੀ ਮ: ੫, ਪੰਨਾ ੧੯੬

ਹਠ-ਯੋਗੀ ਧੁਨੀ ਨਾਦ ਦੇ ਸਹਾਰੇ ਇੰਦਰੀਆਂ ਨੂੰ ਵਿਸ਼ੇ-ਵਿਕਾਰਾਂ ਤੋਂ ਮੋੜਦਾ ਹੈ। ਪਰ ਉਹ ਇੰਦਰੀਆਂ ਨੂੰ ਬੇਹਿਸ ਕਰ ਕੇ ਇਉਂ ਕਰਦਾ ਹੈ। ਜੇ ਕਿਤੇ ਇੰਦਰੀਆਂ ਜਾਗ ਪੈਣ ਤਾਂ ਮਛੰਦਰ ਵਰਗੇ ਯੋਗੀ ਵਾਂਗ ਮੁੜ ਕੇ ਮਾਇਆ-ਜਾਲ ਵ੍ਵਿਚ ਫਸਣ ਦਾ ਖ਼ਤਰਾ ਹੀ ਖ਼ਤਰਾ ਹੈ। ਗੁਰਮਤਿ ਨੇ ਸ਼ਬਦ-ਸੁਰਤਿ ਦਾ ਮਾਰਗ ਦਰਸਾਇਆ ਹੈ :—

ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥੩॥੧੫॥
[ਗਉੜੀ ਸੁਖਮਨੀ ਮ: ੫, ਪੰਨਾ ੨੮੨

ਸ਼ਬਦ-ਸੁਰਤ ਦੇ ਪ੍ਰੇਮ-ਅਭਿਆਸ ਨਾਲ ਮਨ ਅਤੇ ਇੰਦਰੇ ਆਪਣੇ ਆਪ ਵਿਸ਼ੇ ਵਿਕਾਰਾਂ ਤੋਂ ਮੂੰਹ ਮੋੜ ਲੈਂਦੇ ਹਨ। ਕਿਸੇ ਖ਼ਾਸ ਉਚਿਆਣ ਦੇ ਮੰਡਲ ਵਿਚ ਜਾ ਵਾਸ ਕਰਦੇ ਹਨ।

ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥੪੪॥
[ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੯

ਸ਼ਬਦ-ਸੁਰਤਿ ਮਨ ਨੂੰ ਉਚਿਆਂ ਕਰਕੇ, ਜੋਤਿ ਸਰੂਪ ਬਣਾ ਲੈਂਦੇ ਹਨ।

ਮਨ ਤੂੰ ਜੋਤਿ ਸਰੂਪੁ ਹੈ, ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥੫॥ [ਆਸਾ ਮ: ੩ ਛੰਤ, ਪੰਨਾ ੪੪੧

ਤੇ ਫਿਰ ਐਸਾ ਦ੍ਰਿੜ੍ਹ ਹੋਇਆ ਮਨ ਮੁੜ ਕੇ ਮਾਇਆ ਵਿਚ ਖਚਿਤ ਨਹੀਂ ਹੁੰਦਾ।

ਦੀਸਤ ਮਾਸੁ ਨ ਖਾਇ ਬਿਲਾਈ ॥ ਮਹਾ ਕਸਾਬਿ ਛੁਰੀ ਸਟਿ ਪਾਈ ॥੨॥੩੯॥੫੦॥
[ਰਾਮਕਲੀ ਮ: ੫, ਪੰਨਾ ੯੯੮

ਗੁਰਮਤਿ ਦਾ ਪਹਿਲਾ ਹੱਲਾ ਹੀ ਮਨ ਤੇ ਹੈ। ਸਰੀਰ ਤਾਂ ਮਿੱਟੀ ਹੈ। ਇੰਦਰੀਆਂ ਭੀ ਮਿੱਟੀ ਹਨ। ਗੁਰਮਤਿ ਦਾ ਜਗਿਆਸੂ ਲਕੜੀ ਦੇ ਕੁੰਦੇ ਵਾਂਗ ਮੁਰਦਾ ਨਹੀਂ ਹੁੰਦਾ। ਸਾਡੇ ਸਮਕਾਲੀ ਅਨੇਕਾਂ ਸਿਖ ਸੰਤ ਸਾਡੇ ਵੇਖਦਿਆਂ ਵੇਖਦਿਆਂ ਸੰਸਾਰ-ਯਾਤਰਾ ਪੂਰੀ ਕਰ ਕੇ ਗੁਰ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਨੇ ਇਸ ਸੰਸਾਰ ਵਿਚ ਪਰਵਿਰਤ ਦੇ ਮਾਰਗ ਤੇ ਚਲਦਿਆਂ, ਸ਼ਬਦ-ਸੁਰਤਿ ਦੇ ਰਾਹ ਤੇ ਤੁਰਦਿਆਂ ਪਰਉਪਕਾਰ ਦੇ ਉਹ ਪੂਰਨੇ ਪਾਏ ਹਨ, ਜੋ ਰਹਿੰਦੀ ਦੁਨੀਆ ਤਕ ਚਾਨਣ-ਮੁਨਾਰਾ ਰਹਿਣਗੇ। ਜੋਗ ਮੱਤ ਦੇ ਅਜਿਹੇ ਚਾਨਣ-ਮੁਨਾਰੇ ਕਿਥੇ ਹਨ ?

ਸ਼ਬਦ ਸੁਰਤਿ ਦੇ ਮਾਰਗ ਦਾ ਭੁਲੇਖਾ ਰਾਧਾ ਸੁਆਮੀ ਮੱਤ ਵਾਲੇ ਗੁਰਬਾਣੀ ਦੀਆਂ ਤੁਕਾਂ ਦੇ ਗ਼ਲਤ


www.AKJ.Org

ਅਰਥ ਅਰਥਾ ਕੇ, ਭੋਲੇ ਭਾਲੇ ਸਿਖਾਂ ਨੂੰ ਕੁਰਾਹੇ ਪਾ ਰਹੇ ਹਨ। ਡਾ: ਕਿਰਪਾਲ ਸਿੰਘ ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ, ਕਿਸੇ ਤਰ੍ਹਾਂ ਰਾਧਾ ਸੁਆਮੀਆਂ ਦੇ ਪ੍ਰਭਾਵ ਹੇਠ ਆ ਗਏ। ਉਨ੍ਹਾਂ ਦੇ ਸਮੇਂ ਪੰਜਾਬੀ ਯੂਨੀਵਰਸਿਟੀ ਵਿਚ ਡਾ: ਬਲਬੀਰ ਸਿੰਘ ਤੋਂ ਗੁਰੂ ਨਾਨਕ ਸਿਮਰਤੀ ਵਖਿਆਨ-ਮਾਲਾ ਦੇ ਅੰਤਰਗਤ ਸੁਰਤ ਸ਼ਬਦ ਦੇ ਵਿਸ਼ੇ ਤੇ ਲੈਕਚਰ ਕਰਵਾਏ ਗਏ। ਉਹ ਲੈਕਚਰ ਕਿਤਾਬ ਦੇ ਰੂਪ ਵਿਚ ਛਪਵਾਏ ਗਏ ਤਾਂ ਉਸ ਦੀ ਭੂਮਿਕਾ ਵਿਚ ਆਪ ਰਾਧਾ ਸੁਆਮੀ ਮੱਤ ਨੂੰ ਬੜੇ ਸੂਖਮ ਢੰਗ ਨਾਲ ਪਰਚਾਰਦੇ ਹੋਏ ਲਿਖਦੇ ਹਨ—

"'ਸਚਾ' ਸ਼ਬਦ ਜਾਂ 'ਸਾਰ' ਸ਼ਬਦ, ਜਿਸਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਵਾਰੀ ਆਇਆ ਹੈ, 'ਧੁਨਾਤਮਕ' ਹੈ। ਇਸ ਸਾਰ ਜਾਂ ਸੱਚੇ ਸ਼ਬਦ ਤੀਕ ਪੁਜਣ ਲਈ ਅੰਤਰਮੁਖੀ ਹੋਣਾ ਅਵੱਸ਼ਕ ਹੈ। ਸਿਮਰਨ ਨੂੰ ਪਕਾਉਣਾ ਪੈਂਦਾ ਹੈ......ਫਿਰ ਗੁਰੂ ਦੀ ਕਿਰਪਾ ਰਾਹੀਂ ਸਿਮਰਨ ਤੇ ਧਿਆਨ ਦੁਆਰਾ 'ਅਨਹਦ ਧੁਨੀ' ਨੂੰ ਪਕੜਨਾ ਹੈ।"

ਧੁਨਾਤਮਕ ਸ਼ਬਦ ਤੇ ਅਨਹਦ ਧੁਨੀ ਨੂੰ ਪਕੜਨ ਦਾ ਉਪਦੇਸ਼ ਨਿਰੋਲ ਰਾਧਾ ਸੁਆਮੀ ਮਤ ਦੇ ਸਾਧਨ ਹਨ। ਅਸਲ ਗੱਲ ਇਹ ਹੈ ਕਿ ਰਾਧਾ ਸੁਆਮੀ ਮੱਤ ਦੇ 'ਗੁਰੂ' ਜੰਮੇ ਪਲੇ ਸਿਖ-ਪਰਵਾਰਾਂ ਵਿਚ। ਉਹਨਾਂ ਨੂੰ ਪੁੱਠ ਚੜ੍ਹ ਗਈ ਹਠ-ਜੋਗ ਦੀ। ਹੁਣ ਉਹ ਗੁਰਬਾਣੀ ਦੇ ਸਹਿਜ-ਜੋਗ ਨੂੰ ਹਠ-ਜੋਗ ਦੀ ਪੁੱਠ ਦੇ ਦੇ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਭੋਲੇ ਭਾਲੇ ਸ਼ਰਧਾਲੂ ਸਿਖਾਂ ਨੂੰ ਅਨਹਦ ਧੁਨੀ ਦੀਆਂ ਆਵਾਜ਼ਾਂ ਦੇ ਬਹਾਨੇ ਗੁਰਮਤਿ ਮਾਰਗ ਤੋਂ ਭਟਕਾ ਰਹੇ ਹਨ।

ਛੇ ਚਕਰ ਵਿੰਨ੍ਹ ਕੇ, ਦਸਮ ਦੁਆਰ ਤਕ ਪੁਜਣ ਦੀਆਂ ਅਟਕਲਾਂ ਹਠ-ਜੋਗ ਦੀਆਂ ਹਨ। ਪਰ ਗੁਰਮਤਿ 'ਸਹਿਜ ਜੋਗ' ਦਾ ਮਾਰਗ ਹੈ। ਇਥੇ ਹਠ-ਯੋਗ ਪ੍ਰਦੀਪਕਾ ਵਿਚੋਂ ਅਨਹਦ ਧੁਨੀ ਬਾਰੇ ਦਸਣਾ ਜ਼ਿਆਦਾ ਰੋਚਕ ਹੋਵੇਗਾ—

> "ਜੋਗੀ ਮੁਕਤਾਸਨ ਲਗਾ ਕੇ ਸਾਂਭਵੀਂ ਮੁਦ੍ਰਾ ਧਾਰਨ ਕਰੇ ਤੇ ਫਿਰ ਇਕਾਗਰ-ਚਿਤ ਹੋ ਕੇ ਅੰਦਰ ਦੀਆਂ ਆਵਾਜ਼ਾਂ ਸੁਣੇ। ਇਸ ਦੀਆਂ ਚਾਰ ਅਵਸਥਾਵਾਂ ਹਨ। ਪਹਿਲੀ ਅਵਸਥਾ ਉਦੋਂ ਹੈ ਜਦੋਂ ਪ੍ਰਾਣਾਯਾਮ ਰਾਹੀਂ ਅਨਹਤ ਚਕਰ ਵਿਚ ਦੀ ਬ੍ਰਹਮ ਗ੍ਰੰਥੀ ਵਿੰਨ੍ਹੀ ਜਾਂਦੀ ਹੈ।" [ਸਲੋਕ ੬੫—੭੬
>
> "ਜਦ ਤਕ ਅਨਾਹਤ ਸ਼ਬਦ ਸੁਣੀਦਾ ਹੈ, ਆਕਾਸ਼ ਦਾ ਸੰਕਲਪ ਰਹਿੰਦਾ ਹੈ। ਸ਼ਬਦ ਰਹਿਤ ਨੂੰ ਪਾਰਬ੍ਰਹਮ ਤੇ ਪਰਮਾਤਮ ਕਹਿੰਦੇ ਹਨ। ਜੋ ਕੁਝ ਨਾਦ ਦੇ ਰੂਪ ਵਿਚ ਸੁਣੀਦਾ ਹੈ ਉਹ ਸ਼ਕਤੀ ਹੈ। ਜਿਥੇ ਤੱਤਾਂ ਦਾ ਅੰਤ ਹੈ ਉਹ ਨਿਰੰਕਾਰ ਹੈ, ਉਹੋ ਹੀ ਪਰਮੇਸ਼ਰ ਹੈ। ਉਨਮਨੀ ਅਵਸਥਾ ਵਿਚ ਸਰੀਰ, ਨਿਸਚੇ ਜਾਣੋ, ਲਕੜ ਦੇ ਕੁੰਦੇ ਵਰਗਾ ਹੋ ਜਾਂਦਾ ਹੈ। ਫਿਰ ਤਾਂ ਜੋਗੀ ਸੰਖ ਤੇ ਧੌਂਸੇ ਦੀ ਆਵਾਜ਼ ਭੀ ਨਹੀਂ ਸੁਣ ਸਕਦਾ। ਸਾਰੀਆਂ ਅਵਸਥਾਵਾਂ ਤੋਂ ਖਲਾਸ, ਸਾਰੀਆਂ ਚਿੰਤਾਂ ਤੋਂ ਪਾਕ, ਮੁਰਦੇ ਵਾਂਗ ਜੋਗੀ ਰਹਿੰਦਾ ਹੈ, ਉਹ ਮੁਕਤ ਹੈ, ਇਸ ਦੇ ਵਿਚ ਕੋਈ ਸੰਸਾ ਹੀ ਨਹੀਂ।"
>
> [ਹਠ ਯੋਗ ਪ੍ਰਦੀਪਕਾ, ਸਲੋਕ ੧੦੧ ਤੋਂ ੧੦੭

ਆਵਾਜ਼ਾਂ ਸੁਣਨ ਦਾ ਭਾਵ ਇਹ ਸੀ ਕਿ ਮਨ ਨੂੰ ਬਾਹਰ ਤੋਂ ਅੰਦਰ ਵਲ ਖਿਚ ਕੇ ਇਕਾਗਰ ਕੀਤਾ ਜਾਵੇ। ਹਠ-ਜੋਗੀ ਤਾਂ ਨਾਦ (ਆਵਾਜ਼) ਦੇ ਸਹਾਰੇ ਮਨ ਨੂੰ ਇਕਾਗਰ ਕਰਦਾ ਹੈ। ਉਸਦੀਆਂ ਇੰਦਰੀਆਂ ਬੇਹਿਸ ਹੋ ਕੇ ਨਿਕੰਮੀਆਂ ਤੇ ਨਾਕਾਰਾ ਹੋ ਜਾਂਦੀਆਂ ਹਨ, ਕਿਉਂਕਿ ਉਹਨਾਂ ਨਾਲੋਂ ਪ੍ਰਾਣ ਵਖ ਕਰ ਲਏ ਜਾਂਦੇ ਹਨ। ਪਰ ਗੁਰਮੁਖ ਜੋਗੀ ਕੇਵਲ ਗੁਰ-ਸ਼ਬਦ-ਰਹੱਸ ਦੀ ਡੋਰੀ ਫੜ ਕੇ ਗੁਰਪ੍ਰਸਾਦ ਦੇ ਆਸਰੇ ਮਨ ਤੇ ਕਾਬੂ ਪਾ ਲੈਂਦਾ ਹੈ। ਉਸ ਨੂੰ ਨਾਦ ਦੀ, ਜਾਂ ਇੰਦਰੀਆਂ ਨੂੰ ਬੇਹਿਸ ਕਰਨ ਦੀ ਕੋਈ ਲੋੜ ਨਹੀਂ ਪੈਂਦੀ। ਗੁਰੂ ਦੇ ਸ਼ਬਦ ਵਿਚੋਂ ਹੀ ਉਸ ਨੂੰ ਉਹ ਰਸ ਪ੍ਰਾਪਤ ਹੁੰਦਾ ਹੈ ਜਿਹੜਾ ਜੋਗੀ ਨੂੰ ਕਦੇ ਸੁਪਨੇ ਵਿਚ ਵੀ ਪ੍ਰਾਪਤ



www.AKJ.Org

ਨਹੀਂ ਹੋ ਸਕਿਆ । ਉਸ ਰਸ ਦੇ ਆਉਣ ਤੇ ਦੁਨੀਆ ਦੇ ਸਾਰੇ ਰਸ ਕਸ ਫਿਕੇ ਫਿਕੇ ਲਗਣ ਲਗ ਜਾਂਦੇ ਹਨ । ਫਿਰ ਮਨ ਇਸ ਸਰਬ-ਸਰੇਸ਼ਟ ਰਸ ਨੂੰ ਚਖ ਕੇ ਹੇਠਲੇ ਪੱਧਰ ਦੇ ਰਸਾਂ ਕੁ-ਰਸਾਂ ਵਲ ਜਾਂਦਾ ਹੀ ਨਹੀਂ—

ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥
ਹਰਿ ਰਸ ਕਾ ਤੂੰ ਚਾਖਹਿ ਸਾਦੁ ॥ ਚਾਖਤ ਹੋਇ ਰਹਹਿ ਬਿਸਮਾਦੁ ॥੧॥
ਅੰਮ੍ਰਿਤੁ ਰਸਨਾ ਪੀਉ ਪਿਆਰੀ ॥ ਇਹ ਰਸ ਰਾਤੀ ਹੋਇ ਤ੍ਰਿਪਤਾਰੀ ॥੧॥ਰਹਾਉ॥੯੪॥

[ਗਉੜੀ ਗੁਆਰੇਰੀ ਮਹਲਾ ੫, ਪੰਨਾ ੧੮੦

ਅਤੇ— ਜਾ ਕਉ ਆਇਓ ਏਕੁ ਰਸਾ ॥
ਖਾਨ ਪਾਨ ਆਨ ਨਹੀ ਖੁਧਿਆ, ਤਾ ਕੈ ਚਿਤਿ ਨ ਬਸਾ ॥੧॥ਰਹਾਉ॥੪॥੭॥

[ਧਨਾਸਰੀ ਮਹਲਾ ੫, ਪੰਨਾ ੬੭੨

ਫਿਰ—ਹਰਿ ਰਸ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ਰਹਾਉ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਉਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥

[ਆਸਾ ਮਹਲਾ ੫, ਪੰਨਾ ੩੭੭

ਸ੍ਰੀ ਗੁਰੂ ਨਾਨਕ ਸਾਹਿਬ ਨੇ ਸ਼ਬਦ-ਸਿਧਾਂਤ ਦੀ ਵਿਆਖਿਆ ਕਰਕੇ ਸਮੂਹ ਸਿੱਧ-ਮੰਡਲੀ ਨੂੰ ਜਿਤਿਆ ।

ਸਬਦਿ ਜਿਤੀ ਸਿਧਿ ਮੰਡਲੀ, ਕੀਤੋਸੁ ਅਪਣਾ ਪੰਥੁ ਨਿਰਾਲਾ ॥੩੧॥

[ਭਾਈ ਗੁਰਦਾਸ ਜੀ, ਵਾਰ ਪਹਿਲੀ

---

## ਦੋ ਰੁਬਾਈਆਂ

[ਹਕੀਮ ਹਰਿਭਜਨ ਸਿੰਘ ਜੀ 'ਸ਼ਰਨ' ਮਾਲੂਵਾਲੀਆ]

ਨਾ ਕੋਈ ਤੇਰਾ ਆਪਣਾ, ਨਾ ਤੇਰੀ ਇਹ ਦੇਹ ।
ਮਾਇਆ ਤ੍ਰਿਸ਼ਨਾ ਕਾਸ ਲਈ, ਕਾਹਦੀ ਹੈ ਭੁੱਖ ਤੇਹ ।
ਜੋਤਿ ਮਿਲੇ ਸੰਗ ਜੋਤਿ ਦੇ, ਭਜਨ ਇਸੇ ਵਿਚ ਭੇਤ,
ਅੱਗ ਪਾਣੀ ਨੂੰ ਸਾੜਦੀ, ਹਵਾ ਉਡਾਂਦੀ ਖੇਹ । ੧ ।

ਭੇਦ ਵਿਚ ਅਭੇਦ ਹੀ, ਜੇ ਤੂੰ ਹੋਣਾ ਯਾਰ ।
ਮਨ ਦੀ ਮਤ ਤਿਆਗ ਕੇ, ਢਹਿ ਉਹਦੇ ਦਰਬਾਰ ।
ਭੰਨਣ ਘੜਨ ਸਮਰਥ ਜੋ, ਓਸੇ ਦੀ ਤੂੰ ਅੰਸ਼,
ਸੁਆਸ ਸੁਆਸ ਲੈ 'ਸ਼ਰਨ' ਵਿਚ, ਭਜਨ ਭਜਨ ਕਰਤਾਰ । ੨ ।

---

**ਪਾਠਕ ਜੀ**—ਚਿੱਠੀ ਪੱਤਰ ਤੇ ਰਕਮ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ । ਤੁਹਾਡਾ ਚਿੱਟ ਨੰਬਰ ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਲਿਖਿਆ ਹੁੰਦਾ ਹੈ ।


www.AKJ.Org

# ਰਹਿਤ ਵਾਲੀ ਕਿਰਪਾਨ

[ਭਾਈ ਰਾਮ ਸਿੰਘ ਜੀ ਸੁਕਐਡਰਨ ਲੀਡਰ (ਰੀ:), ਸ੍ਰੀ ਅੰਮ੍ਰਿਤਸਰ]

ਧਰਮ ਯੁੱਧ ਮੋਰਚੇ ਵਿਚ, ਅੰਮ੍ਰਿਤਧਾਰੀ ਸਿੰਘਾਂ ਨੂੰ ਗਾਤਰੇ ਵਾਲੀ ਕਿਰਪਾਨ ਸਹਿਤ ਹੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਭੇਜਿਆ ਜਾਂਦਾ ਰਿਹਾ ਸੀ। ਸਰਕਾਰੀ ਕਰਮਚਾਰੀਆਂ ਨੇ ਕਿਰਪਾਨ ਬਾਰੇ ਕੋਈ ਉਜ਼ਰ ਨਹੀਂ ਸੀ ਕਦੇ ਕੀਤਾ। ਇਹ ਸਿਲਸਿਲਾ ਕੋਈ ਪੰਜ ਕੁ ਮਹੀਨੇ ਤਕ ਚਲਦਾ ਰਿਹਾ। ਦਸੰਬਰ ੧੯੮੨ ਵਿਚ, ਕਿਸੇ ਸਰਕਾਰੀ ਕਰਿੰਦੇ ਨੂੰ ਸਿਖ ਧਰਮ ਵਿਚ ਦਖ਼ਲ ਦੇਣ ਦੀ ਸੁੱਝੀ, ਤਾਂ ਸਰਕਾਰ ਨੇ ਕਿਰਪਾਨ ਉੱਤੇ ਟੋਟਲ ਪਾਬੰਦੀ ਲਗਾ ਦਿੱਤੀ। ਜਿਸ ਦੇ ਫਲ-ਸਰੂਪ ਗ੍ਰਿਫ਼ਤਾਰੀ ਦੇਣ ਵਾਲਿਆਂ ਨੂੰ ਜੇਲ੍ਹ ਵਿਚ ਦਾਖ਼ਲ ਹੋਣ ਤੋਂ ਪਹਿਲੋਂ ਕਿਰਪਾਨ ਉਤਾਰਨ ਲਈ ਮਜਬੂਰ ਕੀਤਾ ਗਿਆ। ਇਸ ਸੰਬੰਧ ਵਿਚ ਮੋਗਾ, ਫ਼ੀਰੋਜ਼ਪੁਰ ਅਤੇ ਹੋਰ ਕਈ ਜੇਲ੍ਹਾਂ ਦੇ ਬਾਹਰ ਕਿਰਪਾਨ-ਨਾ-ਉਤਾਰਨ ਦੇ ਸਨਬੰਧ ਵਿਚ ਸਿੰਘਾਂ ਉਤੇ ਲਾਠੀ ਚਾਰਜ ਹੋਇਆ। ਬਹੁਤਿਆਂ ਨੂੰ ਸੱਟਾਂ ਪੇਟਾਂ ਲਗੀਆਂ।

ਏਸ਼ੀਅਡ ਖੇਡਾਂ ਦੇ ਸਨਬੰਧ ਵਿਚ, ਸਿੰਘਾਂ ਨੂੰ ਦਿੱਲੀ ਜਾਣੋਂ ਰੋਕਣ ਲਈ, ਪੁਲਸ ਨੇ ਦਾਸ ਨੂੰ ਭੀ ੧੪ ਦਸੰਬਰ ੧੯੮੨ ਵਾਲੇ ਦਿਨ ਸਵੇਰੇ ੪ ਵਜੇ ਆ ਘਰੋਂ ਗ੍ਰਿਫ਼ਤਾਰ ਕੀਤਾ। ਕਾਗਜ਼ੀ ਕਾਰਵਾਈ ਪੂਰੀ ਕਰਨ ਮਗਰੋਂ, ਇਕ ਠਾਣੇਦਾਰ ਅਤੇ ਦੋ ਸਿਪਾਹੀ ਦਾਸ ਨੂੰ ਸੈਂਟ੍ਰਲ ਜੇਲ੍ਹ ਅੰਮ੍ਰਿਤਸਰ ਲੈ ਗਏ। ਅਗਲੇ ਪਾਸਿਓਂ ਜੇਲ੍ਹ ਦਾ ਡਿਪਟੀ ਸੁਪਰਡੈਂਟ ਬਾਹਰ ਆਇਆ। ਉਸ ਨੇ ਮੇਰੀ ਕਿਰਪਾਨ ਦੇਖ ਕੇ ਠਾਣੇਦਾਰ ਨੂੰ ਕਿਹਾ, "ਅਸੀਂ ਕਿਸੇ ਨੂੰ ਭੀ ਕਿਰਪਾਨ ਨਾਲ ਜੇਲ੍ਹ ਵਿੱਚ ਨਹੀਂ ਲੈਣਾ। ਕਿਰਪਾਨ ਉਤਾਰਨਾ ਪੁਲਸ ਦਾ ਕੰਮ ਹੈ। ਸਾਡਾ ਕੰਮ ਨਹੀਂ। ਕਿਰਪਾਨ ਉਤਾਰ ਕੇ ਹੈਂਡ ਓਵਰ ਕਰੋ।"

ਠਾਣੇਦਾਰ : (ਦਾਸ ਨੂੰ ਮੁਖ਼ਾਤਬ ਕਰ ਕੇ) ਤੁਸੀਂ ਕਿਰਪਾਨ ਉਤਾਰ ਦਿਉ, ਤਾਂ ਜੁ ਅਸੀਂ ਤੁਹਾਨੂੰ ਜੇਲ੍ਹ ਕਰਮਚਾਰੀਆਂ ਦੇ ਹਵਾਲੇ ਕਰ ਜਾਈਏ।

ਦਾਸ : ਇਹ ਕਿਰਪਾਨ ਨਹੀਂ ਉਤਰਨੀ।

ਠਾਣੇਦਾਰ : ਇਹ ਕਿਰਪਾਨ ਤੁਹਾਡੀ ਹੀ ਹੈ। ਜੇਲ੍ਹ ਕਰਮਚਾਰੀਆਂ ਪਾਸ ਇਹ ਇਮਾਨਤ ਪਈ ਰਹੇਗੀ। ਜਦੋਂ ਤੁਸੀਂ ਰਿਹਾ ਕੀਤੇ ਜਾਉਗੇ, ਇਹ ਕਿਰਪਾਨ ਤੁਹਾਨੂੰ ਵਾਪਸ ਦੇ ਦਿੱਤੀ ਜਾਏਗੀ, ਤੁਸੀਂ ਇਸ ਨੂੰ ਪਹਿਨ ਕੇ ਘਰ ਚਲੇ ਜਾਇਓ।

ਦਾਸ : ਇਹੋ ਜਿਹੀ ਗੱਲ ਕਿਸੇ ਹੋਰਸੁ ਨਾਲ ਕਰਨੀ।

ਠਾਣੇਦਾਰ : (ਥੋੜਾ ਰੋਹ ਵਿੱਚ ਆ ਕੇ) ਕੀ ਤੁਸੀਂ ਕਿਰਪਾਨ ਨਹੀਂ ਉਤਾਰੋਗੇ ?

ਦਾਸ : ਬਿਲਕੁਲ ਨਹੀਂ।

ਦੂਸਰਾ ਪੁਲਸੀਆ : (ਠਾਣੇਦਾਰ ਵੱਲ ਮੂੰਹ ਕਰ ਕੇ) ਏਥੇ ਨਾ ਝਗੜੀਏ। ਵਾਪਸ ਠਾਣੇ ਲੈ ਚੱਲੀਏ।

ਠਾਣੇਦਾਰ, ਇਸ ਸੁਝਾਅ ਨੂੰ ਮੰਨ ਗਿਆ। ਮੈਨੂੰ ਗੱਡੀ ਵਿੱਚ ਬੈਠਾਅ ਕੇ ਵਾਪਸ ਸਿਵਲ ਲਾਈਨ ਠਾਣੇ ਵਿੱਚ ਲੈ ਆਇਆ। ਅਤੇ ਆਪਣੇ ਸੀਨੀਅਰ ਇਨਸਪੈਕਟਰ ਨੂੰ ਰਪੋਰਟ ਦਿੱਤੀਓਸੁ ਕਿ, "ਇਹ, ਕਿਰਪਾਨ ਉਤਾਰਦੇ ਨਹੀਂ, ਅਤੇ ਜੇਲ੍ਹ ਵਾਲੇ ਇਨ੍ਹਾਂ ਨੂੰ ਕਿਰਪਾਨ ਨਾਲ ਲੈਂਦੇ ਨਹੀਂ, ਹੁਣ ਦੱਸੋ ਕੀ ਕਰਨਾ ਹੈ ?"

ਇਨਸਪੈਕਟਰ : (ਦਾਸ ਨੂੰ ਮੁਖ਼ਾਤਬ ਕਰ ਕੇ) ਤੁਹਾਨੂੰ ਕਿਰਪਾਨ ਉਤਾਰਨੀ ਪਏਗੀ।

ਦਾਸ : ਇਹ ਕਿਰਪਾਨ ਕਿਸੇ ਹਾਲਤ ਵਿੱਚ ਭੀ ਨਹੀਂ ਉਤਰੇਗੀ। ਜੇ ਜੀਅ ਕਰਦਾ ਜੇ ਤਾਂ ਬੇਸ਼ੱਕ ਗੋਲੀ ਮਾਰ ਦਿਉ। ਇਸ ਸਰੀਰ ਦੀ ਕੁਝ ਕੀਮਤ ਨਹੀਂ ਹੈ। ਸਾਰੀ ਕੀਮਤ ਹੀ ਇਸ ਕਿਰਪਾਨ ਦੀ ਹੈ।

ਇਨਸਪੈਕਟਰ : (ਇੱਕ ਹੋਰ ਠਾਣੇਦਾਰ ਨੂੰ ਮੁਖ਼ਾਬਤ ਕਰ ਕੇ) ਤੁਸੀਂ ਇਨ੍ਹਾਂ ਨੂੰ ਉਸ ਕਮਰੇ ਵਿੱਚ ਲੈ ਜਾਓ।



www.AKJ.Org

(ਏਨੀ ਗੱਲ ਕਰ ਕੇ ਇਨਸਪੈਕਟਰ ਆਪ ਐਸ. ਐਸ. ਪੀ. ਨੂੰ ਰੀਪੋਰਟ ਦੇਣ ਚਲਿਆ ਗਿਆ।)

ਨਵਾਂ ਠਾਣੇਦਾਰ : ਗੱਲ ਤਾਂ ਨਗੂਣੀ ਜਿਹੀ ਹੈ, ਐਵੇਂ ਇਸ ਨੂੰ ਵਧਾਇਆ ਜਾ ਰਿਹਾ ਹੈ।

ਦਾਸ : ਗੱਲ ਤਾਂ ਵਾਕਈ ਕੁਝ ਭੀ ਨਹੀਂ। ਜੇ ਜੇਲ੍ਹ ਵਾਲੇ ਨਹੀਂ ਲੈਂਦੇ, ਤਾਂ ਮੈਨੂੰ ਜੇਲ੍ਹ ਦੇ ਬਾਹਰ ਤੰਬੂ ਲਗਾ ਦਿਓ। ਅੱਗੇ ਭੀ ਤਾਂ ਜਦੋਂ ਸਭ ਜੇਲ੍ਹਾਂ ਭਰ ਗਈਆਂ ਸਨ, ਜੇਲ੍ਹਾਂ ਦੇ ਬਾਹਰ ਤੰਬੂ ਲਗਾ ਹੀ ਦਿੱਤੇ ਗਏ ਸਨ।

ਠਾਣੇਦਾਰ : ਤੰਬੂ ਲਗਾਉਣ ਦਾ ਹੁਕਮ ਬੰਦ ਹੋ ਗਿਆ ਹੈ।

ਦਾਸ : ਫਿਰ ਏਥੇ ਠਾਣੇ ਵਿੱਚ ਹੀ ਰੱਖ ਲਓ।

ਠਾਣੇਦਾਰ : ਠਾਣੇ ਵਿੱਚ ਅਸੀਂ ਕੈਦੀ ਨਹੀਂ ਰੱਖ ਸਕਦੇ।

ਦਾਸ : ਫਿਰ ਮੈਨੂੰ ਘਰ ਭੇਜ ਦਿਓ। ਮੇਰਾ ਘਰ ਨਜ਼ਦੀਕ ਹੀ ਹੈ।

ਠਾਣੇਦਾਰ : ਓਥੇ ਕਿਵੇਂ ਭੇਜ ਦੇਈਏ ? ਓਥੋਂ ਤਾਂ ਤੁਹਾਨੂੰ ਗ੍ਰਿਫ਼ਤਾਰ ਕੀਤਾ ਹੈ।

ਦਾਸ : ਜੇਲ੍ਹ ਵਾਲੇ ਲੈਂਦੇ ਨਹੀਂ, ਜੇਲ੍ਹ ਦੇ ਬਾਹਰ ਤੰਬੂ ਲਗਾਉਣ ਦਾ ਹੁਕਮ ਬੰਦ ਹੋ ਗਿਆ ਹੈ, ਠਾਣੇ ਵਿੱਚ ਤੁਸੀਂ ਰੱਖ ਨਹੀਂ ਸਕਦੇ, ਮੇਰੇ ਘਰ ਤੁਸੀਂ ਮੈਨੂੰ ਭੇਜਣਾ ਨਹੀਂ, ਤਾਂ ਫਿਰ ਗੋਲੀ ਮਾਰ ਦਿਉ। ਵਿੱਚੋਂ ਕੰਮ ਮੁੱਕੇ।

ਏਨੀ ਗੱਲ ਸੁਣ ਕੇ, ਠਾਣੇਦਾਰ ਕਮਰੇ ਵਿੱਚੋਂ ਬਾਹਰ ਚਲਿਆ ਗਿਆ। ਕੋਈ ਦੋ ਕੁ ਘੰਟੇ ਬਾਅਦ ਇਨਸਪੈਕਟਰ ਵਾਪਸ ਆਇਆ ਅਤੇ ਮੈਨੂੰ ਇਤਲਾਹ ਦੇ ਗਿਆ ਕਿ ਅੱਜ ਦੀ ਰਾਤ ਤੁਸੀਂ ਏਥੇ ਹੀ ਠਹਿਰੋ। ਭਲਕੇ ਤੁਹਾਡੇ ਬਾਰੇ ਕੋਈ ਫ਼ੈਸਲਾ ਕੀਤਾ ਜਾਵੇਗਾ। ਅਗਲਾ ਸਾਰਾ ਦਿਨ ਕੋਈ ਨਵੀਂ ਇਤਲਾਹ ਪ੍ਰਾਪਤ ਨਾ ਹੋਈ। ਤੀਸਰੇ ਦਿਨ ਗਿਆਰਾਂ ਵਜੇ ਦੇ ਕਰੀਬ ਇੱਕ ਬੋਰਡ ਬੈਠਾ, ਜਿਸ ਵਿੱਚ ਇਕ ਡੀ. ਐਸ. ਪੀ. ਅਤੇ ਤਿੰਨ ਸੀਨੀਅਰ ਪੁਲੀਸ ਇਨਸਪੈਕਟਰ ਸਨ। ਇਨ੍ਹਾਂ ਵਿਚੋਂ ਤਿੰਨ ਕੇਸਾ-ਧਾਰੀ ਸਨ ਅਤੇ ਇਕ ਕੁੱਲਾ-ਧਾਰੀ ਸੀ। ਮੈਨੂੰ ਬੋਰਡ ਸਾਹਮਣੇ ਪੇਸ਼ੀ ਲਈ ਬੁਲਾਇਆ ਗਿਆ। ਜਿਸ ਕੁਰਸੀ ਉਤੇ ਮੈਨੂੰ ਬੈਠਣ ਲਈ ਕਿਹਾ ਗਿਆ, ਉਸ ਦੇ ਮੂਹਰੇ (ਟੇਬਲ ਉੱਤੇ) ਇੱਕ ਬੈਗ ਪਿਆ ਸੀ। ਮੇਰੇ ਅਨੁਮਾਨ ਮੁਤਾਬਿਕ, ਉਸ ਵਿੱਚ ਟੇਪ-ਰੀਕਾਰਡਰ ਸੀ। ਡੀ. ਐਸ. ਪੀ. ਨੇ ਉਠ ਕੇ, ਦਾਸ ਨੂੰ ਸਤਿ ਸ੍ਰੀ ਅਕਾਲ ਬੁਲਾਈ। ਦਾਸ ਨੇ ਫਤਹ ਵਿੱਚ ਜਵਾਬ ਦਿੱਤਾ।

ਡੀ. ਐਸ. ਪੀ. : (ਇੱਕ ਚਾਰ-ਕੁ ਇੰਚ ਲੰਮੀ ਕਿਰਪਾਨ ਮੇਰੇ ਵੱਲ ਕਰ ਕੇ) ਤੁਸੀਂ ਇਹ ਕਿਰਪਾਨ ਪਹਿਨ ਲਵੋ, ਅਤੇ ਆਪਣੀ ਸਾਨੂੰ ਉਤਾਰ ਦਿਉ, ਤਾਂ ਜੁ ਅਸੀਂ ਤੁਹਾਨੂੰ ਜੇਲ੍ਹ ਭੇਜ ਸਕੀਏ।

ਦਾਸ : ਪਤਾ ਜੇ ਇਹ ਕਿਰਪਾਨ ਕਿਸ ਨੇ ਦਿੱਤੀ ਹੈ ? ਜਦੋਂ ਹਿੰਦੂਆਂ ਦੀਆਂ ਬੋਦੀਆਂ, ਤਿਲਕ ਜੰਞੂ ਜ਼ਬਰਦਸਤੀ ਉਤਾਰੇ ਜਾ ਰਹੇ ਸਨ, ਗੁਰੂ ਨਾਨਕ ਸਾਹਿਬ ਜੀ ਨੇ, ਨਾਵੇਂ ਜਾਮੇ ਵਿੱਚ, ਦਿੱਲੀ ਦੇ ਚਾਂਦਨੀ ਚੌਕ ਵਿੱਚ, ਆਪਣੇ ਸੀਸ ਦਾ ਬਲੀਦਾਨ ਦੇ ਕੇ ਉਸ ਜ਼ੁਲਮ ਨੂੰ ਠੱਲ੍ਹ ਪਾਈ ਸੀ। ਓਸੇ ਜੋਤਿ ਨੇ ਅਗਲੇ ਜਾਮੇ ਵਿੱਚ ਇਹ ਕਿਰਪਾਨ ਬਖਸ਼ੀ ਸੀ, ਜਿਸ ਦੀ ਬਰਕਤ ਸਦਕਾ ਜ਼ਾਲਮ ਮੁਗਲੀਆ ਰਾਜ ਦੀਆਂ ਜੜ੍ਹਾਂ, ਖਾਲਸੇ ਨੇ, ਖੋਖਲੀਆਂ ਕਰ ਕੇ ਰੱਖ ਦਿੱਤੀਆਂ ਸਨ। ਓਦੋਂ ਇਹ ਕਿਰਪਾਨ ਚੰਗੀ ਸੀ ? ਅੱਜ ਚੁਭਦੀ ਏ ? ਪੁਲਸ ਦਾ ਕੰਮ ਹੈ ਬੰਦੇ ਗ੍ਰਿਫ਼ਤਾਰ ਕਰਨਾ, ਤਾਂ ਜੁ ਉਹ ਦਿੱਲੀ ਨਾ ਜਾ ਸਕਣ। ਸਾਡੇ ਧਰਮ ਵਿੱਚ ਕਿਉਂ ਦਖ਼ਲ ਦੇ ਰਹੇ ਜੇ ?

ਡੀ. ਐਸ. ਪੀ. : ਸਾਨੂੰ ਹੁਕਮ ਹੈ।

ਦਾਸ : ਇਹ ਹੁਕਮ ਨਾਜ਼ਾਇਜ਼ ਹੈ, (unlawful) ਹੈ। ਇਹ ਮੰਨਣ ਯੋਗ ਨਹੀਂ ਹੈ। ਸਰਕਾਰਾਂ ਬਦਲਦੀਆਂ ਆਈਆਂ। ਭਲਕ ਨੂੰ ਕੋਈ ਸਰਕਾਰ ਤੁਹਾਨੂੰ ਕਹੇ ਕਿ ਹਿੰਦੂਆਂ ਦੇ ਜਨੇਊ ਉਤਾਰ


www.AKJ.Org

ਦਿਉ, ਤਾਂ ਕੀ ਤੁਸੀਂ ਇਹ ਕੰਮ ਕਰਨ ਲਗ ਪਉਗੇ ? ਇਹ ਸੈਕੂਲਰ ਸਟੇਟ ਹੈ। ਏਥੇ ਹਰ ਧਰਮ ਵਾਲੇ ਨੂੰ ਆਪਣੇ ਧਰਮ ਅਨੁਸਾਰ ਰਹਿਣ ਦੀ ਖੁੱਲ੍ਹ ਹੈ ।*

ਡੀ. ਐਸ. ਪੀ. : ਇਹ ਕਿਰਪਾਨ ਪਹਿਨਣ ਨਾਲ ਤੁਹਾਡੀ ਰਹਿਤ ਤਾਂ ਰਹਿੰਦੀ ਹੀ ਹੈ ਨਾ ।

ਦਾਸ : ਕੀ ਤੁਸੀਂ ਮੈਨੂੰ ਲੱਤ ਹੇਠੋਂ ਦੀ ਲੰਘਾਉਣਾ ਚਾਹੁੰਦੇ ਹੋ ? ਇਹ ਕਿਰਪਾਨ ਨਹੀਂ ਉਤਰੇਗੀ । ਜੀਅ ਕਰੇ ਮੈਨੂੰ ਖੱਡ ਵਿੱਚ ਸੁੱਟ ਦਿਉ, ਜੀਅ ਕਰੇ ਦਰਿਆ ਵਿੱਚ ਧੱਕਾ ਦੇ ਦਿਉ, ਜੀਅ ਕਰੇ ਗੋਲੀ ਮਾਰ ਦਿਉ । ਇਸ ਸਰੀਰ ਦੀ ਕੱਚੀ ਕਉਡੀ ਜਿੰਨੀ ਕੀਮਤ ਨਹੀਂ ਹੈ । ਜੋ ਕੀਮਤ ਹੈ ਤਾਂ ਉਹ ਇਸ ਕਿਰਪਾਨ ਦੀ ਹੀ ਹੈ ।

ਡੀ. ਐਸ. ਪੀ. : (ਬਾਹਰ ਖਲੋਤੇ ਇਕ ਠਾਣੇਦਾਰ ਨੂੰ ਅੰਦਰ ਬੁਲਾ ਕੇ) ਇਨ੍ਹਾਂ ਨੂੰ (ਮੇਰੇ ਵੱਲ ਹੱਥ ਦਾ ਇਸ਼ਾਰਾ ਕਰ ਕੇ) ਓਸੇ ਕਮਰੇ ਵਿੱਚ ਲੈ ਜਾਓ ।

ਮੈਂ ਵਾਪਸ ਕਮਰੇ ਵਿਚ ਚਲਿਆ ਗਿਆ । ਉਹ ਦਿਨ ਭੀ ਲੰਘ ਗਿਆ । ਪੰਜਵੇਂ ਦਿਨ ਦੀਆਂ ਸ਼ਾਮਾਂ ਆ ਗਈਆਂ । ਰੀਕਾਰਡ ਕੀਤੀ ਹੋਈ ਟੇਪ ਕੇਂਦਰ ਤੱਕ (ਵਿਧਾਨ ਦੇ ਰਾਖਿਆਂ) ਨੇ ਸੁਣ ਕੇ ਹੀ ਕੋਈ ਫ਼ੈਸਲਾ ਦੇਣਾ ਸੀ ।

ਥੌਪੀਏ ਜਿਹੇ ਲ ਗੇ ਇਕ ਠਾਣੇਦਾਰ ਮੇਰੇ ਪਾਸ ਆਇਆ ਅਤੇ ਕਹਿਣ ਲਗਾ, ਆਓ ਜੀ, ਜੇਲ੍ਹ ਚਲੀਏ । ਤੁਸੀਂ ਏਸੇ ਤਰ੍ਹਾਂ ਹੀ ਮਨਜ਼ੂਰ ਜੇ । ਕੇਂਦਰ ਸਰਕਾਰ ਨੇ ਕਿਰਪਾਨ ਉਤੋਂ ਪਾਬੰਦੀ ਉਠਾ ਦਿੱਤੀ ਹੈ । (ਗੁਰੂ ਸਾਹਿਬ ਜੀ ਨੇ ਪਤ ਰੱਖ ਲਈ) ।

ਇਕ ਦਿਨ ਅਖ਼ਬਾਰ ਵਿਚ ਆਇਆ ਕਿ ਕੇਂਦਰੀ ਸਰਕਾਰ ਨੇ ਅੰਮ੍ਰਿਤਧਾਰੀਆਂ ਨੂੰ ੬ ਇੰਚ ਦੀ ਕਿਰਪਾਨ ਪਹਿਨਣ ਦੀ ਆਗਿਆ ਦੇ ਦਿੱਤੀ ਹੈ । ਕੁਝ ਹੋਰ ਦਿਨਾਂ ਮਗਰੋਂ ਅਖ਼ਬਾਰ ਵਿਚ ਪੜ੍ਹਿਆ ਕਿ, ਪਰਾਈਮ ਮਨਿਸਟਰ ਇੰਦਰਾ ਗਾਂਧੀ ਨੇ ਅਕਾਲੀ ਦਲ ਨਾਲ ਗੱਲ ਬਾਤ ਕਰ ਕੇ ੯ ਇੰਚ ਦੀ ਕਿਰਪਾਨ, ਅੰਦਰੂਨੀ ਹਵਾਈ ਜਹਾਜ਼ਾਂ ਵਿਚ ਸਫ਼ਰ ਕਰਨ ਵਾਲੇ ਸਿੱਖਾਂ ਨੂੰ, ਪਹਿਨਣ ਦੀ ਆਗਿਆ ਦੇਣੀ ਮੰਨ ਲਈ ਹੈ । ਤਾਂ ਖ਼ਿਆਲ ਆਇਆ ਕਿ, ਕਲਗੀਧਰ ਪਾਤਸ਼ਾਹ ਜੀ ਦੀ ਦਰਸਾਈ ਰਹਿਤ ਵਿਚ ਕਿਰਪਾਨ ਦੀ ਲੰਬਾਈ ਨਿਸਚਿਤ ਕਰਨ ਦਾ, ਦੁਨੀਆਦਾਰਾਂ ਨੂੰ ਕੀ ਹੱਕ ਹੈ ? ਫਿਰ ਇਹ ਭੀ ਖ਼ਿਆਲ ਆਇਆ ਕਿ, ਰਹਿਤ ਵਾਲੀ ਕਿਰਪਾਨ ਦੀ ਕੋਈ ਨਾ ਕੋਈ ਲੰਬਾਈ ਤਾਂ ਜ਼ਰੂਰ ਹੀ ਨਿਸਚਤ ਹੋਣੀ ਚਾਹੀਦੀ ਹੈ । ਇਸ ਬਾਰੇ ਕੌਣ ਚਾਨਣ ਪਾਏਗਾ ?

ਤਾਂ ਗੁਰਬਾਣੀ ਦੀ ਤੁਕ "ਨਿਰਭਉ-ਹੋਇ-ਭਜਹੁ-ਭਗਵਾਨ" (੨੦੧) ਉਤੇ, ਸੋਚ ਆ ਟਿਕੀ । ਖ਼ਿਆਲ ਆਇਆ ਕਿ ਕਲਗੀਧਰ ਪਾਤਸ਼ਾਹ ਜੀ ਨੇ ਸਿਖ ਨੂੰ ਸੰਤ ਸਿਪਾਹੀ ਬਣਾਇਆ ਹੈ—ਸੰਤ ਇਸ ਲਈ ਕਿ ਗੁਰਸਿਖ ਨੇ ਰੱਬ ਦੀ ਭਗਤੀ ਕਰਨੀ ਹੈ (ਨਾਮ ਜਪਣਾ ਅਤੇ ਬਾਣੀ ਪੜ੍ਹਨੀ ਹੈ) । ਅਤੇ ਇਹ ਭਗਤੀ ਨਿਰਭੈ ਹੋ ਕੇ ਕਰਨੀ ਹੈ । ਗੁਰਸਿੱਖ ਤਾਂ ਹੀ ਨਿਰਭੈ ਹੋਏਗਾ ਜੇ ਇਸ ਨੂੰ ਕਿਸੇ ਦਾ ਭੈ ਨਾ ਹੋਵੇ । ਇਹ ਕਿਸੇ ਦੇ ਭੈ ਤੋਂ, ਤਾਂ ਹੀ ਰਹਿਤ ਹੋਏਗਾ ਜੇ ਇਸ ਦੇ ਪਾਸ ਆਪਣੇ ਬਚਾਅ ਦਾ ਪਰਬੰਧ ਹੋਏਗਾ । ਖਾਲਸਈ ਰਹਿਤ ਵਿਚ ਕਿਰਪਾਨ ਹੀ ਗੁਰਸਿਖ ਦੇ ਬਚਾਅ ਲਈ ਸਹਾਈ ਹੋ ਸਕਦੀ ਹੈ, ਜਿਸ ਦੇ ਕਾਰਨ ਇਹ ਸਿਪਾਹੀ ਕਹਿਲਾਂਦਾ ਹੈ । ਜੇ ਸਿਪਾਹੀ ਆਪਣੀ ਹੀ ਰੱਖਿਆ ਨਹੀਂ ਕਰ ਸਕਦਾ ਤਾਂ ਦੂਸਰੇ ਦੀ ਰੱਖਿਆ ਇਸ ਨੇ ਕੀ ਕਰਨੀ ਹੈ ?

ਇਸ ਸੰਬੰਧ ਵਿਚ ਕਲਗੀਧਰ ਪਾਤਸ਼ਾਹ ਜੀ ਦਾ ਸਾਕਾ ਯਾਦ ਆ ਗਿਆ । ਕੋਈ ਤੁਰਕ, ਕਲਗੀਧਰ ਪਾਤਸ਼ਾਹ ਜੀ ਉਤੇ ਵਾਰ ਕਰਨ ਲਈ, ਕਿਸੇ ਅਜਿਹੇ ਮੌਕੇ ਦੀ ਤਾੜ ਵਿਚ ਸੀ ਜਦ ਉਨ੍ਹਾਂ ਪਾਸ ਕੋਈ ਜੰਗੀ ਸ਼ਸਤਰ ਨਾ ਹੋਵੇ, ਤਾਂ ਜੁ ਉਹ ਸਰਕਾਰ ਪਾਸੋਂ ਇਨਾਮ ਲੈ ਸਕੇ । ਇਕ ਦਿਨ ਉਸ ਤੁਰਕ ਨੂੰ ਸੁਨਹਿਰੀ ਮੌਕਾ

*ਪਾਠਕ-ਜਨ ਏਥੇ ਆਪ ਹੀ ਸੋਚਣ ਕਿ ਵਿਧਾਨ ਦਾ ਤ੍ਰਿਸਕਾਰ ਕੌਣ ਕਰ ਰਿਹਾ ਹੈ ।



www.AKJ.Org

ਮਿਲ ਗਿਆ। ਉਸ ਨੇ ਦੇਖਿਆ ਕਿ ਗੁਰੂ ਸਾਹਿਬ ਜੀ, ਆਪਣੇ ਸਾਰੇ ਜੰਗੀ ਹਥਿਆਰ ਡੇਰੇ ਤੇ ਰੱਖ ਕੇ, ਹੱਥ ਵਿਚ ਕੇਵਲ ਜਲ ਦਾ ਗੜਵਾ ਲਈ, ਇਕੱਲੇ ਡੇਰੇ ਤੋਂ ਦੂਰ ਜੰਗਲ-ਪਾਣੀ ਲਈ ਜਾ ਰਹੇ ਸਨ। ਤੁਰਕ ਉਨ੍ਹਾਂ ਪਾਸ, ਐਨ ਉਸ ਮੌਕੇ ਤੇ ਜਾ ਪਹੁੰਚਿਆ ਜਦੋਂ ਉਹ ਡੇਰੇ ਤੋਂ ਨਜ਼ਰੋਂ ਓਹਲੇ ਹੋ ਗਏ। ਅਤੇ ਸਾਹਿਬਾਂ ਨੂੰ ਲਲਕਾਰ ਕੇ ਪੁਛਿਓਸੁ ਕਿ ' ਜੇ ਇਸ ਵੇਲੇ ਤੁਹਾਡੇ ਉਤੇ ਕੋਈ ਹਮਲਾ ਕਰੇ ਤਾਂ ਕੀ ਕਰੋਗੇ ?'' ਸਾਹਿਬਾਂ ਨੇ ਕਿਹਾ, ''ਲੜਾਂਗਾ।'' ਉਸ ਤੁਰਕ ਨੇ ਝੱਟ ਆਪਣੀ ਤਲਵਾਰ ਖਿੱਚ ਲਈ। ਸਾਹਿਬਾਂ ਨੇ ਝੱਟ ਹੀ ਗੜਵੇ ਨੂੰ ਢਾਲ ਵਜਹੁੰ ਵਰਤਣ ਲਈ ਖੱਬੇ ਹੱਥ ਵਿਚ ਸੰਭਾਲ ਲਿਆ ਅਤੇ ਰਹਿਤ ਵਾਲੀ ਕਿਰਪਾਨ ਸੱਜੇ ਹੱਥ ਵਿਚ ਫੜ ਲਈ। ਫਿਰ ਕੀ ਸੀ ? ਲੜਾਈ ਦੇ ਦਾਓ ਪੇਚ ਸ਼ੁਰੂ ਹੋ ਗਏ। ਸਾਹਿਬ ਆਪਣਾ ਬਚਾਅ ਭੀ ਕਰਦੇ ਰਹੇ ਅਤੇ ਵਿਚ ਵਿਚ ਤੁਰਕ ਨੂੰ ਭੀ ਕਿਰਪਾਨ ਦੀ ਚੋਭ ਲਾ ਜਾਂਦੇ ਰਹੇ। ਚੋਭਾਂ ਦੇ ਜ਼ਖਮਾਂ ਵਿਚੋਂ ਲਹੂ ਜ਼ਾਇਆ ਹੋਣ ਦੇ ਕਾਰਨ ਤੁਰਕ ਹਫ ਕੇ ਡਿਗ ਪਿਆ ਅਤੇ ਪ੍ਰਾਣ ਤਿਆਗ ਗਿਆ।

ਇਸ ਸਾਕੇ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਹਿਬਾਂ ਦੀ ਰਹਿਤ ਵਾਲੀ ਕਿਰਪਾਨ ਦੀ ਲੰਬਾਈ ਭੀ ਇਤਨੀ ਕੁ ਜ਼ਰੂਰ ਹੋਵੇਗੀ ਕਿ ਉਹ ਆਪਣੇ ਬਚਾਅ ਦੇ ਨਾਲ ਨਾਲ ਧੋਖੇਬਾਜ਼ ਤੁਰਕ ਨੂੰ ਸੋਧ ਭੀ ਸਕੇ। ਗੁਰੂ ਸਾਹਿਬ ਜੀ ਦਾ ਉਪਰ ਦਰਸਾਇਆ ਕੌਤਕ ਰਹਿਤ ਵਾਲੀ ਕਿਰਪਾਨ ਦੀ ਲੰਬਾਈ ਸੰਬੰਧੀ ਸਾਨੂੰ ਅਗਵਾਈ ਦੇਂਦਾ ਹੈ।

ਗੁਰਸਿੱਖ ਨੇ ਕਿਸੇ ਉਤੇ ਹਮਲਾ ਨਹੀਂ ਕਰਨਾ। ਪਰ ਦੂਸਰੇ ਦੇ ਹਮਲੇ ਤੋਂ ਤਾਂ ਆਪਣੇ ਆਪ ਨੂੰ ਬਚਾਉਣਾ ਹੈ। ਇਸ ਲਈ ਰਹਿਤ ਵਾਲੀ ਕਿਰਪਾਨ ਦੀ ਲੰਬਾਈ ਇਤਨੀ ਹੋਣੀ ਚਾਹੀਦੀ ਹੈ ਜਿਤਨੀ ਕਿ ਗੁਰਸਿਖ ਲਈ ਨਿਰਭੈ ਹੋ ਕੇ ਵਿਚਰਨ ਲਈ ਠੀਕ ਹੋਵੇ, ਤਾਂ ਜੁ ਅਚਨਚੇਤ ਔਕੜ ਸਮੇਂ ਕਿਸੇ ਦੀ ਮਦਦ ਉਡੀਕਣ ਤੋਂ ਬਿਨਾਂ ਹੀ, ਗੁਰਸਿੱਖ ਆਪਣੀ ਰੱਖਿਆ ਆਪ ਕਰ ਸਕੇ। ਸਿਰਫ਼ ਆਪਣੀ ਰੱਖਿਆ ਹੀ ਨਹੀਂ, ਸਗੋਂ ਹਮਲਾ ਕਰਨ ਵਾਲੇ ਨੂੰ ਭੀ ਸੋਧ ਸਕੇ।

ਉਹ ਗੁਰਸਿਖ, ਜਿਹੜੇ ਕੰਘੇ ਉਤੇ ਜਕੜੀ ਅੱਧੀ ਇੰਚ ਦੀ ਕਿਰਪਾਨ, ਜਾਂ ਧਾਗੇ ਨਾਲ ਬੱਧੀ ਹੋਈ ਤਿੰਨ ਕੁ ਇੰਚ ਦੀ ਕਿਰਪਾਨ ਜਾਂ ਗਾਤਰੇ ਵਿਚ ਲਟਕਾਈ ਹੋਈ ਗਿੱਠ ਕੁ ਲੰਮੀ ਕਿਰਪਾਨ ਨਾਲ, ਰਹਿਤ ਬਾਰੇ ਸੰਤੁਸ਼ਟ ਹਨ, ਉਹ ਦੇਖ ਲੈਣ ਕਿ ਕੀ ਉਹ ਇਸ ਰਹਿਤ ਵਾਲੀ ਕਿਰਪਾਨ ਨਾਲ ਨਿਰਭੈ ਹੋ ਕੇ ਵਿਚਰ ਸਕਦੇ ਹਨ ? ਅਤੇ ਕੀ ਉਹ ਅਚਾਨਕ ਔਕੜ ਸਮੇਂ, ਆਪਣੀ ਰਹਿਤ ਵਾਲੀ ਕਿਰਪਾਨ ਨਾਲ ਆਪਣੀ ਰੱਖਿਆ ਕਰ ਸਕਣਗੇ ? ਇਸ ਲਈ ਰਹਿਤ ਵਾਲੀ ਕਿਰਪਾਨ ਦੀ ਉਹੀ ਲੰਬਾਈ ਠੀਕ ਹੈ ਜਿਹੜੀ ਗੁਰਸਿਖ ਨੂੰ ਨਿਰਭੈਤਾ ਬਖਸ਼ ਸਕੇ ਅਤੇ ਦੁਸ਼ਮਨ ਦੇ ਦਿਮਾਗ਼ ਵਿਚ ਭੀ ਇਹ ਗੱਲ ਪਾ ਦੇਵੇ ਕਿ ਗੁਰਸਿੱਖ ਨਿਹੱਥਾ ਨਹੀਂ ਹੁੰਦਾ। ਗੁਰਸਿੱਖ ਨੂੰ ਐਵੇਂ ਹੱਥ ਨਹੀਂ ਪਾਇਆ ਜਾ ਸਕਦਾ।

ਕਿਰਪਾਨ ਦੀ ਰਹਿਤ ਦਾ ਕੋਈ ਭਾਵ ਹੈ। ਇਹ ਰਹਿਤ ਮਨ-ਪਰਚਾਵੇ ਲਈ ਨਹੀਂ ਹੈ। ਜੇ ਇਹ ਰਹਿਤ ਮਨ-ਪਰਚਾਵੇ ਲਈ ਕੇਵਲ ਗਿਣਤੀ ਪੂਰੀ ਕਰਨ ਲਈ ਹੀ ਹੁੰਦੀ, ਤਾਂ ਗੁਰੂ ਸਾਹਿਬ ਜੀ ਨੇ ਇਸ ਰਹਿਤ ਨੂੰ ਗਾਤਰੇ ਵਿਚ ਲਟਕਾ ਕੇ ਸਰੀਰ ਉੱਤੇ ਧਾਰਨ ਲਈ ਕਿਉਂ ਕਹਿਣਾ ਸੀ ? ਨਿਸ਼ਾਨੀ ਮਾਤਰ ਛੋਟੀ ਜਿਹੀ ਕਿਰਪਾਨ ਦੀ ਰਹਿਤ ਆਪਣੇ ਆਪ ਨਾਲ ਧੋਖਾ ਹੈ। ਖਾਲਸਈ ਰਹਿਤ, ਦਿਖਲਾਵਾ ਨਹੀਂ ਹੈ। ਇਹ ਅਸਲ ਵਿੱਚ ਲੋੜੀਂਦੀ ਚੜ੍ਹਦੀ ਕਲਾ ਵਾਲੀ ਅਤੇ ਗੁਰਸਿੱਖ ਨੂੰ ਸ਼ਸਤਰਧਾਰੀ ਕਰਨ ਵਾਲੀ ਰਹਿਤ ਹੈ।

ਕਿਸੇ ਵਿਅਕਤੀ ਵੱਲੋਂ ਕਿਰਪਾਨ ਦੀ ਲੰਬਾਈ ਬਾਰੇ ਕਾਨੂੰਨ ਘੜਨਾ, ਸਿੱਖੀ ਦੀ ਤੌਹੀਨ ਹੈ, ਅਤੇ ਸਿੱਖਾਂ ਨੂੰ ਲੱਤ ਥੱਲਿਓਂ ਲੰਘਾਉਣ ਤੁੱਲ ਹੈ। ਡੇਢ ਡੇਢ ਫ਼ੁੱਟ ਲੰਮੇ ਫੋਲਡਿੰਗ ਚਾਕੂ ਤਾਂ ਅਨ-ਮਤੀਏ ਭੀ ਜੇਬਾਂ ਵਿੱਚ ਪਾਈ ਫਿਰਦੇ ਹਨ। ਇਸ ਦੇ ਮੁਕਾਬਲੇ ਵਿੱਚ ਸਾਡੀ ਛੇ ਇੰਚ ਦੀ ਕਿਰਪਾਨ ਕੀ ਅਰਥ ਰੱਖਦੀ ਹੈ ? ਕਿਰਪਾਨ ਦੀ ਲੰਬਾਈ ਖੁਲ੍ਹਦਿਲੀ ਨਾਲ ਨੀਯਤ ਕਰਨ ਦੀ ਲੋੜ ਹੈ। ਕਿਰਪਾਨ ਦੀ ਮੁੱਠੀ ਉੱਤੇ ਹੱਥ ਦੇ ਬਚਾਅ ਦਾ ਪ੍ਰਬੰਧ ਕੀਤਾ ਜਾਣਾ ਭੀ ਅਤੀ ਜ਼ਰੂਰੀ ਹੈ।



www.AKJ.Org

ਗਾਤਰੇ ਪਾਈ ਰਹਿਤ ਵਾਲੀ ਕਿਰਪਾਨ ਦੀ ਵੀਹ-ਬਾਈ ਇੰਚ ਦੇ ਇਰਦ ਗਿਰਦ ਦੀ ਲੰਬਾਈ ਤਸੱਲੀ-ਬਖਸ਼ ਪ੍ਰਤੀਤ ਹੁੰਦੀ ਹੈ। ਇਹੀ ਰਹਿਤ ਅੰਮ੍ਰਿਤਧਾਰੀਆਂ ਨੂੰ ਖਾਲਸੇ ਵਾਲੀ ਸ਼ੇਰ-ਦਿਲੀ-ਨਿਰਭੈਤਾ ਬਖਸ਼ੇਗੀ ਅਤੇ ਗੁਰਸਿਖ ਦੇ ਦਰਸ਼ਨਾਂ ਵਿਚ ਪ੍ਰਭਾਵ-ਸ਼ਾਲੀ ਲਿਆਏਗੀ। ਇਹ ਰਹਿਤ ਵਾਲੀ ਕਿਰਪਾਨ ਹੀ ਗੁਰਸਿਖ ਦਾ ਬਾਡੀਗਾਰਡ ਹੈ। ਗਾਤਰੇ ਪਾਈ ਅਜਿਹੀ ਕਿਰਪਾਨ ਪੁਸ਼ਾਕੇ ਦੇ ਉਪਰੋਂ ਦੀ ਪਹਿਰ ਕੇ ਤਾਂ ਦੇਖੋ, ਕਿਤਨਾ ਆਤਮਕ ਅਨੰਦ ਖਿੜਦਾ ਹੈ। ਇਸ ਨੂੰ ਪਹਿਨਦਿਆਂ ਸਾਰ ਹੀ ਤੁਹਾਡੀ ਦਿਲ ਦੀ ਡਰ ਵਾਲੀ ਧੜਕਣ ਦੂਰ ਹੋ ਜਾਏਗੀ, ਅਤੇ, ਅੰਦਰ ਸੁੱਤਾ ਪਿਆ ਸ਼ੇਰ ਜਾਗ ਉੱਠੇਗਾ। ਤੁਹਾਡਾ ਹੌਸਲਾ ਇਤਨਾ ਬੁਲੰਦ ਹੋ ਜਾਏਗਾ ਕਿ ਤੁਸੀਂ ਹੈਰਾਨ ਹੋ ਜਾਉਗੇ। ਫਿਰ ਹੀ ਤੁਸੀਂ ਕਲਗੀਧਰ ਪਾਤਸ਼ਾਹ ਜੀ ਦੀ ਦਰਸਾਈ ਰਹਿਤ ਦੀ ਬਰਕਤ ਮਹਿਸੂਸ ਕਰ ਸਕੋਗੇ। ਜੇ ਸਿੱਖ ਅਜਿਹੀ ਰਹਿਤ ਦੇ ਧਾਰਨੀ ਹੁੰਦੇ ਤਾਂ ਜੋ ਕੁਝ ਹਰਿਆਣੇ ਵਿਚ ਇਨ੍ਹਾਂ ਨਾਲ ਹੋਈ ਹੈ, ਅਤੇ ਹੁਣੇ ਹੁਣੇ ਚੰਡੀਗੜ੍ਹ ਵਿਚ, ਉਸ ਦਾ ਕੋਈ ਸੁਪਨਾ ਭੀ ਨਾ ਲੈ ਸਕਦਾ।

ਸਾਡੀ ਤਰਸ-ਯੋਗ ਹਾਲਤ ਇਸ ਵਾਸਤੇ ਹੈ ਕਿ ਅਸੀਂ ਨਾਮ-ਮਾਤਰ-ਕਿਰਪਾਨ ਦੇ ਧਾਰਨੀ ਹਾਂ, ਅਤੇ ਉਸ ਨੂੰ ਭੀ ਪੁਸ਼ਾਕੇ ਦੇ ਥੱਲਿਓਂ ਦੀ ਇੰਜ ਲੁਕਾ ਕੇ ਰੱਖਦੇ ਹਾਂ ਕਿ ਕਿਤੇ ਕਿਸੇ ਨੂੰ ਦਿੱਸ ਨਾ ਪਵੇ, ਜਿਵੇਂ ਕਿ ਕਿਰਪਾਨ ਧਾਰਨੀ ਹੋਣਾ (Social offence) ਕੋਈ ਇਖ਼ਲਾਕੀ ਗੁਨਾਹ ਹੈ। ਸਾਨੂੰ ਰਹਿਤ ਨਾਲ ਉਤਨਾ ਪਿਆਰ ਨਹੀਂ ਜਿਤਨਾ ਆਪਣੇ ਪੁਸ਼ਾਕੇ ਨੂੰ ਦਰਸਾਉਣ ਨਾਲ ਹੁੰਦਾ ਹੈ। ਅਸੀਂ ਆਪਣੇ ਆਪ ਨੂੰ ਨਿਹੱਥਾ (Defenceless) ਦਰੰਸਾਉਣ ਵਿਚ, ਚੰਗਿਆਂ ਮਨੁੱਖਾਂ ਦੀ ਗਿਣਤੀ ਵਿਚ ਸ਼ਾਮਲ ਹੋ ਗਿਆ ਸਮਝਦੇ ਹਾਂ।

ਮਨ-ਪਰਚਾਵੇ ਵਾਲੀ ਛੋਟੀ ਜਿਹੀ (Psychological) ਕਿਰਪਾਨ ਦੀ ਰਹਿਤ ਕਿਸੇ ਅਰਥ ਨਹੀਂ ਹੈ। ਅਜਿਹੀ ਰਹਿਤ ਨਾ ਤਾਂ ਸਾਨੂੰ ਨਿਰਭੈਤਾ ਬਖਸ਼ਦੀ ਹੈ ਅਤੇ ਨਾ ਹੀ ਚੜ੍ਹਦੀ ਕਲਾ। ਹਾਂ ਅਜਿਹੀ ਰਹਿਤ ਸਾਨੂੰ ਢਹਿੰਦੀ ਕਲਾ ਬਖਸ਼ਣ ਲਈ ਖ਼ੂਬ ਸਮਰੱਥ ਹੈ। ਨਾਮ-ਧਰੀਕ ਰਹਿਤ, ਖਾਲਸਈ ਰਹਿਤ ਦੀ ਤੌਹੀਨ ਹੈ, ਅਤੇ ਆਪਣੇ ਆਪ ਨਾਲ ਧੋਖਾ ਹੈ। ਇਡੀ ਕੁ ਕਿਰਪਾਨ ਨਾਲ ਤਾਂ ਚੂਹੀ ਨਹੀਂ ਡਰਦੀ। ਫੁੰਕਾਰੇ ਮਾਰਦੇ ਆਉਂਦੇ ਸੱਪ ਨੂੰ, ਇਹ ਕਿਵੇਂ ਸਿੱਝੇਗੀ ?

ਕਿਰਪਾਨ ਸਾਡਾ ਬਾਡੀਗਾਰਡ ਹੈ। ਲੋੜ ਪੈਣ ਤੇ ਇਹ ਬਾਡੀਗਾਰਡ, ਅੱਖ ਦੇ ਫਰੱਕੇ ਵਿਚ ਸਾਡੇ ਹੱਥ ਵਿਚ ਆ ਜਾਣਾ ਚਾਹੀਦਾ ਹੈ। ਨਹੀਂ ਤਾਂ ਜਿਤਨਾ ਸਮਾਂ ਇਸ ਨੂੰ ਪੁਸ਼ਾਕੇ ਵਾਲੇ ਕਪੜਿਆਂ ਦੇ ਥੱਲਿਓਂ ਫੋਲਾ-ਫਾਲੀ ਕਰ ਕੇ ਬਾਹਰ ਕੱਢਣ ਵਿਚ ਲੱਗਣਾ ਹੈ ਉਤਨੀ ਦੇਰ ਵਿਚ ਕੁਝ ਹੋਰ ਦਾ ਹੋਰ ਹੀ ਵਰਤ ਜਾਏਗਾ। ਰਹਿਤ ਵਾਲੀ ਕਿਰਪਾਨ ਸਾਡੀ Self Defence (ਨਿਜੀ ਬਚਾਅ, ਹੈ। ਕਲਗੀਧਰ ਪਾਤਸ਼ਾਹ ਜੀ ਦੇ (ਪੂਰਨ ਰਹਿਤ ਵਾਲੇ) ਬਖਸ਼ੇ 'ਖਾਸ ਰੂਪ' ਵਿਚ ਵਿਚਰਨ ਨਾਲ ਹੀ 'ਦਰਸਨਿ ਪਰਸਨਿ ਸਰਸਨਿ ਹਰਸਨਿ ਰੰਗਿ ਰੰਗੀ ਕਰਤਾਰੀ ਰੇ' (੪੮੪) ਦਾ ਭਾਵ ਇਕ ਨਵਾਂ ਉਘੇੜ ਖੋਲ੍ਹਦਾ ਹੈ।

ਭੁੱਲਾਂ ਅਤੇ ਊਣਤਾਈਆਂ ਵੱਲੋਂ ਦਾਸ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | | ੧-੫੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ(ਸਚਿਤ੍ਰ) | ੨-੫੦ | ਖਾਲਸਾ ਰਹਿਤ ਕੇਸਕੀ (ਦਸਤਾਰ) | | ੧-੦੦ |
| ਰਹਿਤ ਮਰਯਾਦਾ ਅੰਕ | ੨-੦੦ | ਗੁਰਬਾਣੀ ਦੀ ਪਾਰਸ ਕਲਾ | ,, | ੦-੭੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੦-੪੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | —— | ਕੀ ਕੇਸ ਰਖਣੇ ਜ਼ਰੂਰੀ ਹਨ | ,, | ੦-੫੦ |
| HAIR—A Divine Gift | 0-40 | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| Dawn of Divine Wisdom | 0-75 | ਗੁਰਮਤਿ ਅਨਹਦ ਸ਼ਬਦ | ,, | ੦-੪੫ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੦-੭੫


www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

[ ੮ ]

**ਗ੍ਰਿਹਸਥੀ ਪਰਵਾਰਾਂ ਨੂੰ ਉਪਦੇਸ਼ :**

ਜਿਸ ਪਰਵਾਰ ਵਿਚ ਸਿੰਘ ਸਿੰਘਣੀ ਦਾ ਆਪਸ ਵਿਚ ਝਗੜਾ ਰਹਿੰਦਾ ਹੋਵੇ, ਇਥੋਂ ਤਕ ਕਿ ਭਾਵੇਂ ਮਾਮੂਲੀ ਖਿਚੋਤਾਣ ਹੀ ਹੋਵੇ, ਡਾਕਟਰ ਸੁਰਿੰਦਰ ਸਿੰਘ ਜੀ ਉਸ ਪਰਵਾਰ ਵਿਚ ਦੁਬਾਰਾ ਪੈਰ ਨਹੀਂ ਸਨ ਪਾਉਂਦੇ। ਡਾਕਟਰ ਜੀ ਮਿਸਾਲ ਦਿਆ ਕਰਦੇ ਸਨ ਕਿ ਉਹ ਸਿਰਫ਼ ੧੨ ਕੁ ਸਾਲ ਦੇ ਹੀ ਸਨ ਕਿ ਜਦੋਂ ਉਹਨਾਂ ਦੇ ਮਾਤਾ ਪਿਤਾ ਜੀ ਦੋ ਕੁ ਸਾਲ ਦੀ ਵਿਥ ਨਾਲ ਕਰਮਵਾਰ ੧੯੩੮ ਤੇ ੧੯੪੦ ਵਿਚ ਅਕਾਲ ਚਲਾਣਾ ਕਰ ਗਏ ਸਨ। ਪਰ ਉਹ ਕਿਹਾ ਕਰਦੇ ਸਨ ਕਿ ਉਹਨਾਂ ਨੇ ਆਪਣੀ ਹੋਸ਼ ਵਿਚ ਕਦੀ ਵੀ ਆਪਣ ਮਾਤਾ ਪਿਤਾ ਨੂੰ ਝਗੜਾ ਕਰਦਿਆਂ ਨਹੀਂ ਸੀ ਦੇਖਿਆ। ਉਹ ਇਕ ਦੂਜੇ ਦਾ ਸਤਿਕਾਰ ਗੁਰਸਿਖਾਂ ਦੀ ਤਰ੍ਹਾਂ ਕਰਿਆ ਕਰਦੇ ਸਨ। ਸਵੇਰੇ ਇਕੱਠੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ। ਪਿਛਲ ਰਾਤੀ ਉਠ ਕੇ 'ਏਕ ਜੋਤਿ ਦੁਇ ਮੂਰਤੀ' ਵਾਲੀ ਸੁਭਾਗੀਅੜੇ ਗ੍ਰਿਹਸਥੀਆਂ ਨੇ ਇਕੱਠੇ ਨਾਮ ਅਭਿਆਸ ਉਪ੍ਰੰਤ ਨਿਤਨੇਮ ਕਰਨਾ। ਡਾਕਟਰ ਜੀ ਦੀ ਮਾਤਾ ਤੇਜ ਕੌਰ ਜੀ ਨੇ ਸੁਖਮਨੀ ਸਾਹਿਬ ਦਾ ਪਾਠ ਕੰਠਾਗਰ ਤੋਂ ਬੜੇ ਹੀ ਰੰਗਾਂ ਵਿਚ ਸ੍ਰਵਣ ਕਰਾਉਣਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਬੱਚੀ ਬੀਬੀ ਦਲੇਰ ਕੌਰ ਜੀ ਦੱਸਦੇ ਹਨ ਕਿ ਜਦੋਂ ਬੀਬੀ ਤੇਜ ਕੌਰ ਜੀ ਸੰਨ ੧੯੩੮ ਵਿਖੇ ਵਾਹਿਗੁਰੂ ਨੂੰ ਪਿਆਰੇ ਹੋ ਗਏ ਤਾਂ ਸੂਬੇਦਾਰ ਹਰਿਬਚਨ ਸਿੰਘ ਜੀ ਉਨ੍ਹਾਂ ਤੋਂ ਪਿਛੋਂ ਕੁਝ ਇਕੱਲਾਪਣ ਮਹਿਸੂਸ ਕਰਨ ਲਗ ਪਏ ਅਤੇ ਬਾਊ ਜੀ ਨੂੰ ਕਹਿਣ ਲੱਗੇ, "ਬਾਊ ਜੀ, ਹੁਣ ਮੇਰਾ ਦਿਲ ਨਹੀਂ ਲਗਦਾ, ਮੈਨੂੰ ਮੇਰੀ ਸਿੰਘਣੀ ਤੇਜ ਕੌਰ ਬਹੁਤ ਯਾਦ ਆਉਂਦੀ ਹੈ, ਖ਼ਾਸ ਕਰਕੇ ਰਾਤੀ ਜਦੋਂ ਉਠਦਾ ਹਾਂ ਤਾਂ ਮੈਂ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹਾਂ। ਉਹ ਬੜੇ ਹੀ ਪਿਆਰ ਨਾਲ ਮਧੁਰ ਧੁੰਨ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਬਖਸ਼ਸ਼ ਕਰਿਆ ਕਰਦੇ ਸਨ। ਹੁਣ ਤਾਂ ਜੀਅ ਚਾਹੁੰਦਾ ਏ ਕਿ ਸੱਦਾ ਜਲਦੀ ਹੀ ਆ ਜਾਵੇ। ਬਿਰਹੋਂ ਵਿਚ ਹੀ ਭਾਈ ਹਰਿਬਚਨ ਸਿੰਘ ਜੀ ਨੇ ਮਸਾਂ ਦੋ ਕੁ ਸਾਲ ਬਿਤਾਏ ਅਤੇ ੧੯੪੦ ਵਿਚ ਆਪਣੇ ਵੱਡੇ ਵੀਰ ਪਾਸ ਟਿਕੇ ਹੋਇਆਂ ਹੀ ਸਰੀਰ ਛੱਡ ਗਏ। ਡਾਕਟਰ ਜੀ ਦੇ ਮਾਤਾ ਪਿਤਾ ਦੇ ਆਪਸੀ ਪਿਆਰ ਸਤਿਕਾਰ ਦਾ ਇਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨਾ ਪਿਆਰ ਸੀ ਆਪਸ ਵਿਚ।

ਹਰ ਗ੍ਰਿਹਸਥੀ-ਪਰਵਾਰ ਨੂੰ ਡਾਕਟਰ ਜੀ ਦਾ ਇਹੋ ਹੀ ਪਿਆਰਾਨਾ-ਪਿਆਰ ਦਾ ਉਪਦੇਸ਼ ਹੋਇਆ ਕਰਦਾ ਸੀ ਕਿ ਭਾਈ ਸਿੰਘਣੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਆਪ ਖਾਸ ਕਰਕੇ ਸਿੰਘਣੀ ਨੂੰ ਬਹੁਤ ਵਡਿਆਈ ਬਖਸ਼ਿਆ ਕਰਦੇ ਸਨ। ਕਿਹਾ ਕਰਦੇ ਸਨ ਕਿ ਇਹ ਸਿੰਘਣੀ ਤੁਹਾਡੀ ਕਿੰਨੀ ਸੇਵਾ ਕਰਦੀ ਹੈ, ਪਰ ਤੁਸੀਂ ਲੋਕ ਅਕ੍ਰਿਤਘਣਤਾ ਦਾ ਸਬੂਤ ਦੇ ਕੇ ਉਹਦੇ ਨਾਲ ਫਿਕੇ ਬੋਲ ਬੋਲਣ ਤੋਂ ਕਦੀ ਵੀ ਗੁਰੇਜ਼ ਨਹੀਂ ਕਰਦੇ। ਤੁਸੀਂ ਉਸ ਨੂੰ ਨਿੰਦਦੇ ਹੀ ਰਹਿੰਦੇ ਹੋ ਤੇ ਕਹਿੰਦੇ ਹੋ ਕਿ ਫਲਾਣਾ ਕੰਮ ਨਹੀਂ ਕਰਦੀ, ਸੁਸਤ ਹੈ, ਇਤਿ ਆਦਿ। ਪਰ ਅਜ ਤਕ ਕਦੇ ਵੀ ਕਿਸੇ ਸਿੰਘਣੀ ਨੇ ਆਪਣੇ ਸਿੰਘ ਬਾਰੇ ਨਾ ਤਾਂ ਮਾੜਾ ਬਚਨ ਕੀਤਾ ਹੈ, ਨਾ ਹੀ ਕਦੀ ਸੁਣਿਆ ਹੈ। ਕਿਸੇ ਸਿੰਘਣੀ ਸਾਹਮਣੇ ਉਸ ਦੇ ਸਿੰਘ ਦੀ ਕੋਈ ਮਾੜੀ ਬਾਤ ਕਰਕੇ ਦੇਖੋ, ਉਸੇ ਵੇਲੇ ਉਸਦਾ ਜਵਾਬ ਦੇ ਮਾਰਦੀ ਹੈ। ਪਰ ਇਸਦੇ ਮੁਕਾਬਲੇ ਵਿਚ ਸਿੰਘ ਆਪ ਹੀ ਆਪਣੀਆਂ ਸਿੰਘਣੀਆਂ ਬਾਰੇ ਵਧ ਘਟ ਬਚਨ ਬੋਲਦੇ ਹਨ। ਇਹ ਗ੍ਰਿਹਸਥੀ ਜੀਵਨ ਅਸਲ ਗ੍ਰਿਹਸਥ ਤਾਂ ਹੀ ਹੈ ਜੇ ਸਿੰਘ ਸਿੰਘਣੀ ਦਾ ਆਪਸ ਵਿਚ ਬਿਰਹੋਂ-ਚੋਟ-ਮਰਨ ਵਾਲਾ ਪਿਆਰ ਹੈ। ਜੇ ਫਿਕਾ ਜਿਹਾ ਸਵਾਰਥੀਆਂ ਵਾਲਾ ਅਤੇ ਹਰ ਘੜੀ ਕਲੇਸ਼ ਵਾਲਾ ਹੀ ਜੀਵਨ-ਸਾਥ ਹੈ ਤਾਂ ਗ੍ਰਿਹਸਥ ਵਰਗਾ ਨਰਕ ਲੱਭਣ ਦੀ ਲੋੜ ਨਹੀਂ,



www.AKJ.Org

# ਭਨਿ ਮਥੁਰਾ ਕਛੁ ਭੇਦੁ ਨਹੀ
# ਗੁਰੁ ਅਰੁਜੁਨ ਪਰਤਖ੍ਯ ਹਰਿ ॥

ਮਾਨ ਮੋਹ ਅਰੁ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ, ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ ॥੧॥ ਰਹਾਉ ॥
ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ, ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ, ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ, ਸੋ ਮਾਥੇ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ, ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ, ਜਿਨਿ ਨਾਨਕ ਖਸਮੁ ਪਛਾਤਾ ॥੪॥੫॥

ਮਾਰੂ ਮਹਲਾ ੫ ਪੰਨਾ (੧੦੦੮)

---

ਘਰ ਹੀ ਨਰਕ ਹੈ ।

ਡਾਕਟਰ ਜੀ ਦਸਦੇ ਹੁੰਦੇ ਸਨ ਕਿ ਮੈਨੂੰ ਕੋਈ ਬੀਬੀ ਇਕ ਵੇਰਾਂ ਪ੍ਰਸ਼ਾਦਾ ਤਿਆਰ ਕਰ, ਛਕਾ ਦਵੇ ਤਾਂ ਮੈਂ ਉਸਦਾ ਸਦਾ ਲਈ ਰਿਣੀ ਰਹਿੰਦਾ ਹਾਂ, ਪਰ ਜਿਸ ਸਿੰਘ ਦੀ ਸਿੰਘਣੀ ਉਸਦੀ ੨੪ ਘੰਟੇ ਸੇਵਾ ਕਰਦੀ ਹੈ, ਜੇ ਉਹ ਫਿਰ ਵੀ ਸਿੰਘਣੀ ਨੂੰ ਮਾੜਾ ਚੰਗਾ ਬਚਨ ਕਹੇ ਤਾਂ ਮੈਨੂੰ ਬਹੁਤ ਦੁਖ ਹੁੰਦਾ ਹੈ । ਇਸ ਲਈ ਉਸਦੇ ਘਰ ਜਾਣ ਨੂੰ ਮੇਰਾ ਅੰਦਰਲਾ ਮਨ ਨਹੀਂ ਮੰਨਦਾ । ਹਰ ਗ੍ਰਿਹਸਥੀ ਨੂੰ ਕਿਹਾ ਕਰਦੇ ਸਨ ਕਿ ਸਿੰਘਣੀ ਨਾਲ ਇਕ ਗੁਰਸਿਖ ਦੀ ਨਿਆਈਂ ਸੰਗਤ ਰਖੋ, ਇਕੱਠੇ ਗੁਰਸਿਖੀ ਜੀਵਨ ਚਿ ਇਕ-ਮੁਠ ਹੋ ਕੇ ਰਹੋ, ਪਿਆਰ ਸਹਿਤ ਇਕ ਦੂਜੇ ਦਾ ਪੂਰਨ ਸਤਿਕਾਰ ਕਰੋ । ਘਰ ਵਿਚ ਹੀ ਮਸਤ ਰਹੋ ਅਤੇ ਸਿੱਖੀ ਜੀਵਨ ਦੀ ਸਚੀ ਸੁਚੀ ਕਮਾਈ ਕਮਾਉ ।

ਭਾਈ ਹਰਮੋਹਨ ਸਿੰਘ ਜੀ ਦਸਦੇ ਹਨ ਕਿ ਡਾਕਟਰ ਜੀ ਕਦੇ ਕਦਾਈਂ ਉਹਨਾਂ ਪਾਸ ਠਹਿਰਿਆ ਕਰਦੇ ਸਨ । ਇਕ ਦਿਨ ਮੈਂ ਉਹਨਾਂ ਦੀ ਹਾਜ਼ਰੀ ਵਿਚ ਆਪਣੇ ਪਰਵਾਰ ਨੂੰ ਕੋਸਣ ਲਗ ਪਿਆ ਕਿ ਇਹਨਾਂ ਵਾਸਤੇ ਕੀ ਕੁਝ ਕਰੀਦਾ ਹੈ, ਚੰਗਾ ਖਾਣ ਨੂੰ ਦੇਈਦਾ ਹੈ, ਚੰਗਾ ਪਹਿਨਣ ਨੂੰ ਦੇਈਦਾ ਹੈ, ਪਰ ਇਹ ਫਿਰ ਵੀ ਗੁਰਸਿਖੀ ਵਲ ਨੂੰ ਚੜ੍ਹਦੀ ਕਲਾ ਵਿਚ ਨਹੀਂ ਜਾਂਦੇ । ਡਾਕਟਰ ਜੀ ਸਭ ਕੁਝ ਸੁਣ ਰਹੇ ਸਨ । ਉਦੋਂ ਤੇ ਕੁਝ ਨਾ ਬੋਲੇ, ਪਰ ਬਾਅਦ ਵਿਚ ਭਾਈ ਹਰਮੋਹਨ ਸਿੰਘ ਜੀ ਦੀ ਚੰਗੀ ਖਿਚ ਧੂਹ ਕੀਤੀ ਤੇ ਕਹਿਣ ਲੱਗੇ, ਵੀਰ ਜੀ, ਤੁਸੀਂ ਨਹੀਂ ਜਾਣਦੇ ਗੁਰੂ ਦੀ ਰਜ਼ਾ ਨੂੰ । ਤੁਸੀਂ ਕੌਣ ਹੋ ਇਹਨਾਂ ਨੂੰ ਖਵਾਉਣ ਵਾਲੇ ? ਹੋ ਸਕਦਾ ਏ ਕਿ ਤੁਹਾਨੂੰ ਇਹਨਾਂ ਦੀ ਕਿਸਮਤ ਦਾ ਸਦਕਾ ਹੀ ਸਭ ਕੁਝ ਮਿਲ ਰਿਹਾ ਹੈ । ਇਸ ਲਈ ਇਹੋ ਜਿਹਾ ਹੰਕਾਰੀ ਬੋਲ ਮੁੜ ਕੇ ਨਹੀਂ ਬੋਲਣਾ । ਉਸ ਦਿਨ ਤੋਂ ਬਾਅਦ ਭਾਈ ਹਰਮੋਹਨ ਸਿੰਘ ਜੀ ਨੇ ਤੌਬਾ ਕੀਤੀ ਅਤੇ ਫਿਰ ਕਦੀ ਵੀ ਬੱਚਿਆਂ ਜਾਂ ਸਿੰਘਣੀ ਨੂੰ ਗਰਮੀ ਵਿਚ ਆ ਕੇ ਕੁਝ ਨਹੀਂ ਕਿਹਾ । ਹੋਰ ਵੀ ਡਾਕਟਰ ਜੀ ਜਿਸ ਕਿਸੇ ਗ੍ਰਿਹਸਥੀ ਪਰਿਵਾਰ ਵਿਚ ਜਾਂਦੇ, ਉਸਨੂੰ ਪਿਆਰ ਮਿਠਾਸ ਵਾਲਾ ਜੀਵਨ ਜੀਣ ਦੀ ਪ੍ਰੇਰਨਾ ਕਰ ਕਰ ਕੇ ਉਨ੍ਹਾਂ ਦਾ ਗ੍ਰਿਹਸਥੀ ਜੀਵਨ ਸਵਰਗੀ ਹੋ ਨਿਬੇੜਦੇ । [ਚਲਦਾ]



www.AKJ.Org

# ਭਾਈ ਦਰਸ਼ਨ ਸਿੰਘ ਜੀ ਗੜਗਜ

ਭਾਈ ਦਰਸ਼ਨ ਸਿੰਘ ਜੀ ਨੇ ੧੯੩੯ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਰਬਾਣ ਕੀਰਤਨੀ ਜਥੇ ਤੋਂ ਅੰਮ੍ਰਿਤ ਪਾਨ ਕੀਤਾ, ਜਦੋਂ ਕਿ ਭਾਈ ਸਾਹਿਬ ਸਾਰੇ ਜਥੇ ਸਮੇਤ ਫੂਲਰਵਾਨ ਵਿਖੇ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ਪੁਜੇ ਹਏ ਸਨ। ਇਸ ਤੋਂ ਪਹਿਲਾਂ ਆਪ ਦਾ ਜੀਵਨ ਆਮ ਸੰਸਾਰੀਆਂ ਵਾਂਗੂ ਹੀ ਸੀ। ਫੂਲਰਵਾਨ ਜ਼ਿਲਾ ਸਰਗੋਧਾ ਵਿਚ ਆਪ ਦੀ ਕਾਟਨ-ਫ਼ੈਕਟਰੀ ਸੀ। ਕਪਾਹ ਦਾ ਕੰਮ ਸਰਦੀਆਂ ਦੇ ਛੇ ਮਹੀਨੇ ਹੀ ਚਲਦਾ ਸੀ ਤੇ ਗਰਮੀਆਂ ਵਿਚ ਬੰਦ ਹੋ ਜਾਂਦਾ ਸੀ। ਇਥੋਂ ਦੇ ਇਕ ਵਡੇ ਸਰਦਾਰ, ਸ: ਕੇਸਰ ਸਿੰਘ ਜੀ, ਜਿਨ੍ਹਾਂ ਦੀ ਬਹੁਤ ਵਡੀ ਮਿਲ ਸੀ, ਨਾਲ ਇਨ੍ਹਾਂ ਦੀ ਬਹੁਤ ਮਿਤਰਤਾਈ ਸੀ, ਜੋ ਕਿ ਪਾਕਿਸਤਾਨ ਬਣਨ ਪਿਛੋਂ ਵੀ ਇਧਰ ਜਲੰਧਰ ਆ ਕੇ ਅੰਤਲੇ ਸੁਆਸਾਂ ਤਕ ਤੋੜ ਨਿਭੀ। ਇਹ ਭੀ ਇਨ੍ਹਾਂ ਦੇ ਪੂਰਬਲੇ ਸੰਜੋਗਾਂ ਦਾ ਕੋਈ ਮੇਲ ਸੀ।

ਆਪ ਆਪਣੀ ਜ਼ਬਾਨੀ ਦਸਿਆ ਕਰਦੇ ਸਨ, "ਮੈਂ ਫੂਲਰਵਾਨ ਵਿਖੇ ਮਾਸ ਬਹੁਤ ਜ਼ਿਆਦਾ ਖਾਇਆ ਕਰਦਾ ਸਾਂ, ਪਰ ਜਦੋਂ ਨਿਰਬਾਣ ਕੀਰਤਨੀ ਜਥੇ ਤੋਂ ਅੰਮ੍ਰਿਤ ਪਾਨ ਕਰਨ ਸਮੇਂ ਪੰਜਾਂ ਪਿਆਰਿਆਂ ਨੇ ਉਪਦੇਸ਼ ਦਿਤਾ ਕਿ ਮਾਸ ਬਿਲਕੁਲ ਨਹੀਂ ਖਾਣਾ, ਨਾ ਝਟਕਾ ਨਾ ਹਲਾਲ, ਨਾ ਅੰਡਾ ਨਾ ਸ਼ਰਾਬ। ਤਾਂ ਮੈਂ ਬੇਨਤੀ ਕੀਤੀ ਕਿ ਮੈਂ ਤਾਂ ਮਾਸ ਖਾਣ ਦਾ ਬਹੁਤ ਆਦੀ ਹਾਂ, ਇਹ ਮੈਥੋਂ ਕਿਵੇਂ ਛੁਟੇਗਾ ? ਤਾਂ ਪੰਜਾਂ ਪਿਆਰਿਆਂ ਦੇ ਜਥੇਦਾਰ ਬਾਊ ਮੱਲ ਸਿੰਘ ਜੀ ਨੇ ਜਲਾਲੀ ਰੰਗ ਵਿਚ ਆ ਕੇ ਕਿਹਾ ਕਿ ਅੱਛਾ ! ਅੱਜ ਤੋਂ ਬਾਅਦ ਇਕ ਮਹੀਨਾ ਰੋਜ਼ ਠੀਕ ਇਕ ਵਜੇ ਰਾਤ, ਘੜੀ ਦਾ ਅਲਾਰਮ ਲਾ ਕੇ ਉਠਣਾ ਹੈ ਅਤੇ ਸਣ-ਕੇਸੀਂ ਪੂਰਾ ਇਸ਼ਨਾਨ ਕਰ ਕੇ, ਇਕਾਂਤ ਵਿਚ ਦਿਨ ਚੜ੍ਹੇ ਤਕ ਨਾਮ-ਅਭਿਆਸ ਦਾ ਖ਼ੂਬ ਖੰਡਾ ਖੜਕਾਣਾ ਹੈ ਅਤੇ ਬਾਅਦ ਵਿਚ ਨਿਤਨੇਮ ਕਰਨਾ ਹੈ। ਉਦੋਂ ਬਾਅਦ ਗੁਰਦੁਆਰੇ ਅਰਦਾਸ ਕਰ ਕੇ, ਫਿਰ ਆਪਣੀ ਕਿਰਤ-ਕਾਰ ਵਿਚ ਲਗਣਾ ਹੈ। ਇਕ ਮਹੀਨਾ ਹੁਕਮੀਆ ਇਹ ਪ੍ਰੋਗਰਾਮ ਨਿਭਾਓ ਤੇ ਫਿਰ ਮਨ ਤੋਂ ਪੁਛੋ ਕਿ ਕੀ ਅਜੇ ਵੀ ਉਹ ਮਾਸ ਨੂੰ ਲੋਚਦਾ ਹੈ ਜਾਂ ਐਸੀ ਚਿਤਵਨੀ ਹੀ ਬੁਰੀ ਲਗਦੀ ਹੈ।

ਭਾਈ ਦਰਸ਼ਨ ਸਿੰਘ ਜੀ ਦਸਦੇ ਸਨ ਕਿ ਮੈਂ ਪੰਜਾਂ ਪਿਆਰਿਆਂ ਦੇ ਉਪਰੋਕਤ ਰੱਬੀ ਹੁਕਮ ਅੱਗੇ ਸਿਰ ਨਿਵਾ ਦਿਤਾ ਅਤੇ ਇਸ ਤੇ ਅਮਲ ਕਰਨਾ ਸ਼ੁਰੂ ਕਰ ਦਿਤਾ। ਹਫ਼ਤਾ ਕੁ ਅਜੇ ਇਸ ਤਰ੍ਹਾਂ ਨਾਮ ਅਭਿਆਸ ਕਰਦਿਆਂ ਗੁਜ਼ਰਿਆ ਸੀ ਕਿ ਮਨ ਦੀ ਦਸ਼ਾ ਹੋਰ ਦੀ ਹੋਰ ਹੋ ਗਈ ਅਤੇ ਨਾਮ-ਅਭਿਆਸੀ ਖੰਡਾ ਜ਼ੋਰੋ ਜ਼ੋਰ ਅਨਿਕ ਤਰੰਗਾਂ ਵਿਚ ਖੜਕਣ ਲਗ ਪਿਆ। ਪੰਦਰਾਂ ਕੁ ਦਿਨਾਂ ਪਿਛੋਂ ਜਦ ਮਨ ਦੀ ਪਤਰੀ ਵਾਚੀ ਤਾਂ ਮਾਸ ਖਾਣਾ ਤਾਂ ਦਰ-ਕਿਨਾਰ, ਓਧਰ ਤਕਣ ਤੇ ਖ਼ਿਆਲ ਕਰਨ ਨੂੰ ਭੀ ਜੀਅ ਨਾ ਕਰੇ। ਅਤੇ ਫਿਰ ਸਦਾ ਲਈ ਇਹ ਪ੍ਰੋਗਰਾਮ ਪੱਕਾ ਹੋ ਗਿਆ। ਛੇ ਮਹੀਨੇ ਸਰਦੀਆਂ ਦੇ ਆਪਣਾ ਕਾਰ-ਵਿਹਾਰ ਕਰਨਾ ਅਤੇ ਬਾਕੀ ਛੇ ਮਹੀਨੇ ਸਮੁਚੇ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ-ਸਾਥ ਸਮਾਗਮਾਂ ਵਿਚ ਵਿਚਰਦੇ ਰਹਿਣਾ।

ਆਪ ਜੀ ਦਸਦੇ ਸਨ ਕਿ ਇਕ ਵਾਰੀ ਸ੍ਰੀ ਮਾਨ ਭਾਈ ਸਾਹਿਬ ਜੀ ਕਹਿਣ ਲਗੇ, "ਦਰਸ਼ਨ ਸਿੰਘ, ਸਮਾਗਮਾਂ ਦੇ ਰੰਗ ਵਧ ਚੜ੍ਹ ਕੇ ਮਾਣਿਆ ਕਰੋ, ਇਹ ਕਾਰਖ਼ਾਨੇ ਸਭ 'ਠੀਸੂੰ ਫੀਸੂੰ' ਹੋ ਜਾਣੇ ਹਨ।" ਕਹਿਣ ਲਗੇ ਕਿ ਓਦੋਂ ਸਾਨੂੰ ਇਸ 'ਠੀਸੂੰ ਫੀਸੂੰ' ਦੀ ਸਮਝ ਨਾ ਪਈ ਕਿ ਇਸ ਦਾ ਕੀ ਭਾਵ ਹੈ। ਤਾਹੀਓਂ ਪਤਾ ਲਗਾ ਜਦ ੧੯੪੭ ਦੇ ਬਟਵਾਰੇ ਸਮੇਂ ਸਭ ਕੁਛ ਘਰ-ਬਾਰ, ਲਕਾ-ਤੁਕਾ ਤੇ ਕਾਰਖਾਨੇ ਛਡ-ਛਡਾ ਕੇ ਨੰਗ-ਮਲੰਗ ਪੂਰਬੀ ਪੰਜਾਬ ਵਿਚ ਆਉਣਾ ਪਿਆ। ਫਿਰ ਸਮਝ ਆਈ ਕਿ 'ਠੀਸੂੰ ਫੀਸੂੰ' ਦਾ ਇਹ ਭਾਵ ਸੀ।

ਭਾਈ ਦਰਸ਼ਨ ਸਿੰਘ ਜੀ ਬਹੁਤ ਹੀ ਬਲੰਦ ਤੇ ਭਬਕਵੀਂ ਅਵਾਜ਼ ਵਿਚ 'ਗੁਰੂ-ਵਾਹ' ਸ਼ਬਦ ਗੁੰਜਾਉਂਦੇ ਹੁੰਦੇ ਸਨ, ਜਿਸ ਕਰਕੇ ਉਨ੍ਹਾਂ ਦੇ ਨਾਂ ਨਾਲ ਜਥੇ ਵਿਚ 'ਗੜਗਜ' ਸ਼ਬਦ ਜੁੜ ਗਿਆ। ਇਕ ਸਮੇਂ ਦੀ ਗੱਲ



www.AKJ.Org

ਹੈ ਕਿ ਆਪ ਜੀ ਭਾਈ ਸਾਹਿਬ ਤੇ ਜਥੇ ਸਮੇਤ ਗਰਮੀਆਂ ਵਿਚ ਬਾਰਾਂਮੂਲੇ ਕਸ਼ਮੀਰ ਵਲ ਟੈਕਸੀ ਤੇ ਜਾ ਰਹੇ ਸਨ । ਨਾਲ ਹੀ ਕੁਝ ਗੋਰੇ (ਅੰਗਰੇਜ਼) ਵੀ ਕਸ਼ਮੀਰ ਦੀ ਠੰਢੀ ਹਵਾਖੋਰੀ ਲਈ ਬੈਠੇ ਹੋਏ ਸਨ । ਰਸਤੇ ਵਿਚ ਪਹਾੜੀ ਨਜ਼ਾਰਿਆਂ ਦੀ ਇਕ ਦਿਲ-ਖਿਚਵੀਂ ਸੀਨਰੀ ਨੂੰ ਦੇਖ ਕੇ ਗੜਗਜ ਜੀ ਵਜਦ ਵਿਚ ਆ ਗਏ ਅਤੇ ਗਰਜਵੀਂ ਅਵਾਜ਼ ਵਿਚ 'ਗੁਰ-ਵਾਹ' ਦਾ ਗੁਰਾਟਾ ਛਡਿਆ । ਬਸ ਫਿਰ ਕੀ ਸੀ, ਉਹ ਗੋਰੇ ਸੀਟਾਂ ਤੋਂ ਥਲੇ ਡਿਗ ਪਏ ਅਤੇ ਚੀਖ ਉਠੇ 'wolf' (ਭਾਵ, ਕਿ ਸ਼ੇਰ ਆ ਗਿਆ) । ਉਨ੍ਹਾਂ ਦੀ ਭੈ-ਭੀਤ ਹੋਈ ਦਸ਼ਾ ਵੇਖ ਕੇ ਸਿੰਘ ਹੱਸ ਪਏ ਤੇ ਉਨ੍ਹਾਂ ਨੂੰ ਉਠਾ ਕੇ ਤਸੱਲੀ ਦਿਤੀ ਤੇ ਅੰਗਰੇਜ਼ੀ ਵਿਚ ਸਮਝਾਇਆ ਕਿ ਇਹ ਚਹੁੰ ਲੱਤਾਂ ਵਾਲਾ ਖ਼ੂਨੀ ਸ਼ੇਰ ਨਹੀਂ ਸੀ ਦਹਾੜਿਆ, ਸਗੋਂ ਇਸ ਸਿੰਘ ਸ਼ੇਰ ਨੇ ਕੁਦਰਤ ਦੇ ਨਜ਼ਾਰੇ ਵੇਖ ਕੇ, ਬਿਸਮਾਦੀ ਰੰਗਾਂ ਵਿਚ ਗੂੰਜ ਗੁੰਜਾਈ ਸੀ । ਇਸ ਲਈ ਡਰੋ ਨਾ । ਉਹ ਸਾਰੇ ਹੈਰਾਨ ਹੋ ਕੇ 'ਗੜਗਜ' ਜੀ ਵਲ ਵੇਖਣ ਲਗ ਪਏ । ਕੀਰਤਨ-ਸਮਾਗਮਾਂ ਵਿਚ ਉਨ੍ਹਾਂ ਦੀ ਇਹ ਗਰਜ ਆਮ ਗੂੰਜਦੀ ਰਹਿੰਦੀ ਸੀ ।

ਜਿਥੇ ਆਪ ਕੀਰਤਨ ਦੇ ਰਸੀਏ ਸਨ, ਉਥੇ ਉਹ ਆਪ ਵੀ ਚੰਗੇ ਕੀਰਤਨੀਏ ਅਤੇ ਤਕੜੇ ਅਖੰਡ-ਪਾਠੀ ਸਨ । ਇਨ੍ਹਾਂ ਨੇ ਘੰਟਿਆਂ ਬੱਧੀ ਰੰਗਾਂ ਵਿਚ ਰੈਣ-ਸਬਾਈਆਂ ਵਿਚ ਕੀਰਤਨ ਕਰਦਿਆਂ ਥਕਣਾ ਅਕਣਾ ਨਾ, ਸਗੋਂ ਜਿਉਂ ਜਿਉਂ ਸ਼ਬਦ ਗੂੰਜਣਾ, ਤਿਉਂ ਤਿਉਂ ਹੋਰੋ ਹੋਰ ਉਤਸ਼ਾਹ ਉਮਾਹ ਵਿਚ ਉਮਲ ਉਮਲ ਕੇ ਕੀਰਤਨ-ਗੁੰਜਾਰਾਂ ਗੁੰਜਾਉਣੀਆਂ । ਆਪ ਜੀ ਦੇ ਕੀਰਤਨ-ਉਮਾਹ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਇਨ੍ਹਾਂ ਦੇ ਇਕ ਹੋਰ ਸੰਗੀ-ਸਾਥੀ ਵੈਰਾਗੀ ਰੂਹ ਦੇ ਦਰਸ਼ਨ ਹੋ ਰਹੇ ਹਨ । ਇਹ ਵੈਰਾਗ-ਮੂਰਤ ਰੂਹ ਭਾਈ ਸੰਤੋਖ ਸਿੰਘ ਜੀ 'ਬੈਰਾਗੀ' ਸਨ, ਜਿਨ੍ਹਾਂ ਦਾ ਬਟਵਾਰੇ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਵਿਖੇ ਜਿਲਦ-ਸਾਜ਼ੀ ਦਾ ਮਮੂਲੀ ਜਿਹਾ ਕਾਰ-ਵਿਹਾਰ ਸੀ । ਇਨ੍ਹਾਂ ਦੀ ਅੰਦਰੂਨੀ ਅਤਿ ਤੀਬਰ ਵੈਰਾਗੀ ਦਸ਼ਾ ਨੂੰ ਭਾਂਪ ਕੇ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਇਨ੍ਹਾਂ ਦਾ ਨਾਂ ਵੈਰਾਗੀ* ਰਖਿਆ ਸੀ । ਵੈਰਾਗੀ ਜੀ ਤੇ ਗੜਗਜ ਜੀ ਦਾ ਕੀਰਤਨ ਦਾ ਚੰਗਾ ਜੁੱਟ ਸੀ । ਸਾਰੀ ਸਾਰੀ ਰਾਤ ਕੀਰਤਨ ਵਿਚ ਜੁਟੇ ਹੀ ਰਹਿੰਦੇ ਸਨ ।

ਗੜਗਜ ਜੀ ਦੇ ਬਾਣੀ ਬਹੁਤ ਕੰਠ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪਾਠ ਦਾ ਇਨ੍ਹਾਂ ਦਾ ਤਕੜਾ ਅਭਿਆਸ ਸੀ । ਇਨ੍ਹਾਂ ਨੇ ਕਈ ਸਿੰਘਾਂ ਸਿੰਘਣੀਆਂ ਤੇ ਬੱਚਿਆਂ ਬੱਚੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਸਿਖਾਏ । ਆਪ ਜੀ ਨੂੰ ਜਿਥੇ ਗੁਰਬਾਣੀ ਦੀ ਲਗ-ਮਾਤ੍ਰੀ ਸੂਝ ਬੂਝ ਸੀ ਉਥੇ ਪਾਠ-ਭੇਦਾਂ ਦੇ ਵੀ ਕਾਫ਼ੀ ਜਾਣੂ ਸਨ ।

ਆਖ਼ਰੀ ਆਯੂ ਵਿਚ ਆਪ ਦੀਆਂ ਲੱਤਾਂ ਸਾਥ ਦੇਣੋਂ ਰਹਿ ਗਈਆਂ ਅਤੇ ਬਾਅਦ ਵਿਚ ਸਰੀਰ ਦਾ ਹੇਠਲਾ ਹਿੱਸਾ ਬੇ-ਹਿੱਸ ਹੋ ਗਿਆ ਸੀ । ਪਰ ਸੁਰਤ ਆਪ ਦੀ ਆਖ਼ਰੀ ਦਮ ਤਕ ਨੌ-ਬਰ-ਨੌ ਰਹੀ । ਆਖ਼ਰੀ ਦੋ ਕੁ ਸਾਲ ਮੰਜੇ ਤੇ ਹੀ ਪਏ ਰਹੇ । ਪਰਵਾਰ ਨੇ ਖ਼ੂਬ ਸੇਵਾ ਨਿਭਾਈ । ਆਖ਼ਰੀ ਦਿਨ ਵੀ ਪੰਜ ਸਿੰਘਾਂ ਤੋਂ ਅੰਮ੍ਰਿਤ ਵੇਲੇ ਪੂਰਾ ਨਿਤਨੇਮ ਤੇ ਸੁਖਮਨੀ ਸਾਹਿਬ ਪੂਰੀ ਸਾਵਧਾਨੀ ਨਾਲ ਸੁਣਿਆ । ਉਨ੍ਹਾਂ ਦਾ ਸਰੀਰਕ ਚੋਲਾ ਅਤਿ ਖੀਣ ਤੇ ਜਰਜਰਾ ਹੋਇਆ ਵੇਖ ਕੇ ਸਿੰਘਾਂ ਨੇ ਉਥੇ ਹੀ ਗੁਰਦਵਾਰੇ ਵਿਚ ਉਨ੍ਹਾਂ ਦੀ ਮੁਕਤੀ ਲਈ ਅਰਦਾਸ ਕੀਤੀ ਅਤੇ ਦੇਗ ਵਰਤਾ ਕੇ ਇਨ੍ਹਾਂ ਦਾ ਛਾਂਦਾ ਲਿਆ ਕੇ ਛਕਾਇਆ । ਅਰਦਾਸ ਦੀ ਕਲਾ ਪ੍ਰਤੱਖ ਵਰਤੀ । ਸਿੰਘਾਂ ਤੇ ਪਰਵਾਰ ਨੇ ਆਪ ਦੇ ਨਿਕਟ 'ਵਾਹਿਗੁਰੂ' ਜਾਪ ਦੀ ਧੁਨੀ ਜਾਰੀ ਰਖੀ ਅਤੇ ਅੰਤ ਆਪ ਉਸੇ ਦਿਨ ੨੨ ਮਾਰਚ ੧੯੮੪ ਨੂੰ ੧੧-੩੦ ਵਜੇ ਦਿਨ ਸਮੇਂ ਸੁਖੈਨ ਹੀ ਸਰੀਰ ਚੋਲਾ ਤਿਆਗ ਕੇ ਗੁਰਪੁਰੀ ਜਾ ਬਿਰਾਜੇ । ਆਪ ਜੀ ਦੀਆਂ ਨਾਮ-ਅਭਿਆਸੀ ਪ੍ਰੇਮ-ਯਾਦਾਂ ਅਤੇ ਅੰਮ੍ਰਿਤ ਵੇਲੇ ਨੂੰ ਸੰਭਾਲਣ ਲਈ ਉਦਮ-ਉਤਸ਼ਾਹ ਆਪ ਦੇ ਪਿਆਰਿਆਂ ਦੇ ਦਿਲਾਂ ਵਿਚ ਸਦਾ ਕਾਇਮ ਰਹਿਣਗੇ ।

---

*ਬੈਰਾਗੀ ਜੀ ਦੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲੋਂ ਹੀ ਭਾਈ ਸਾਹਿਬ ਜੀ ਨੇ ਆਪ, ਨਾਰੰਗਵਾਲ ਪੋਹ ਸੁਦੀ ਸਮਾਗਮ ਦੇ ਭੋਗ ਸਮੇਂ, ਬੈਰਾਗੀ ਜੀ ਨੂੰ ਨਾਲ ਦੇ ਵਾਜੇ ਤੇ ਬਿਠਾ ਕੇ ਇਹ ਸ਼ਬਦ ਗਾਵਿਆਂ ਸੀ—"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ।।੪।।੧।।੫।। (੪੩੯)



www.AKJ.Org

# ਪੰਥਕ ਖ਼ਬਰਾਂ–ਅਖ਼ਬਾਰਾਂ ਦੀ ਜ਼ਬਾਨੀ

## ਸੀ.ਆਰ.ਪੀ. ਨੇ ੮ ਵਿਅਕਤੀ ਮਾਰੇ, ਸੰਤ ਲੌਂਗੋਵਾਲ ਵਲੋਂ ਗਵਰਨਰ ਪਾਸ ਸਖਤ ਰੋਸ

ਅੰਮ੍ਰਿਤਸਰ, ੩ ਅਪਰੈਲ–(ਵਿਸ਼ੇਸ਼) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਰਾਜਪਾਲ ਸ੍ਰੀ ਪਾਂਡੇ ਪਾਸ ਪੰਜਾਬ ਦੀ ਸਥਿਤੀ ਤੇ ਸਖਤ ਰੋਸ ਪ੍ਰਗਟ ਕੀਤਾ ਅਤੇ ਦੋਸ਼ ਲਾਇਆ ਕਿ ਕੇਂਦਰੀ ਰੀਜ਼ਰਵ ਫ਼ੋਰਸ ਦਾ ਵਤੀਰਾ ਇਕ-ਪਖੀ ਤੇ ਸਿਖ-ਵਿਰੋਧੀ ਹੈ। ਇਹ ਰੋਸ ਅਜ ਸ੍ਰੀ ਪਾਂਡੇ ਨਾਲ ਟੈਲੀਫੋਨ ਤੇ ਗਲਬਾਤ ਦੇ ਦੌਰਾਨ ਸ: ਭਾਨ ਸਿੰਘ ਨੇ ਸੰਤ ਜੀ ਵਲੋਂ ਕੀਤਾ। ਉਹਨਾਂ ਕਿਹਾ ਕਿ ਵਖ ਵਖ ਥਾਵਾਂ ਤੇ ੮ ਸਿਖ ਹਲਾਕ ਹੋਏ ਹਨ। ਤਿੰਨ ਵਿਅਕਤੀ ਸਬਜ਼ੀ ਮੰਡੀ ਵਿਚ ਮਾਰੇ ਗਏ ਹਨ ਤੇ ਤਿੰਨਾਂ ਨੂੰ ਕਾਰ ਵਿਚੋਂ ਕਢ ਕੇ ਮਾਰਿਆ ਗਿਆ। ਪੀ.ਏ.ਪੀ. ਦਾ ਮਰਨ ਵਾਲਾ ਜਵਾਨ ਵੀ ਸਿਖ ਹੈ। ਇਸ ਤੋਂ ਇਲਾਵਾ ਸ: ਭਾਨ ਸਿੰਘ ਤੇ ਸ: ਅਜੀਤ ਸਿੰਘ ਸੰਧੂ ਨੇ ਸਰਕਟ ਹਾਊਸ ਵਿਚ ਸ: ਪ੍ਰੀਤਮ ਸਿੰਘ ਭਿੰਡਰ ਨਾਲ ਭੇਂਟ ਕਰਕੇ ਸਥਿਤੀ ਬਾਰੇ ਰੋਸ ਕੀਤਾ ਤੇ ਕਿਹਾ ਕਿ ਦਰਬਾਰ ਸਾਹਿਬ ਦੁਆਲੇ ਸੀ.ਆਰ.ਪੀ. ਦਾ ਘੇਰਾ ਤੰਗ ਕਰ ਦਿਤਾ ਗਿਆ ਹੈ। ਸ: ਭਿੰਡਰ ਨੇ ਇਨ੍ਹਾਂ ਨੇਤਾਵਾਂ ਨੂੰ ਦਸਿਆ ਕਿ ਸ੍ਰੀ ਖੰਨਾ ਦੇ ਅੰਤਮ ਸਸਕਾਰ ਦੇ ਮੌਕੇ ਤੇ ਜਲੂਸ ਕਢਣ ਦੀ ਆਗਿਆ ਇਸ ਭਰੋਸੇ ਤੇ ਦਿਤੀ ਗਈ ਸੀ ਕਿ ਕੋਈ ਗੜਬੜ ਨਹੀਂ ਕੀਤੀ ਜਾਵੇਗੀ, ਪਰ ਇਸ ਭਰੋਸੇ ਤੇ ਅਮਲ ਨਹੀਂ ਕੀਤਾ ਗਿਆ।

–ਅਜੀਤ, ੪-੪-੮੪

## ਸੀ. ਆਰ. ਪੀ. ਹਟਾਈ ਜਾਏ

ਪੰਜਾਬ ਦੇ ਹਾਲਾਤ ਨੂੰ ਵਿਗਾੜਨ ਤੇ ਫ਼ਿਰਕੂ ਤਨਾਓ ਨੂੰ ਵਧਾਉਣ ਦੀ ਸਭ ਤੋਂ ਵਧ ਜ਼ੁਮੇਵਾਰੀ ਸੀ.ਆਰ.ਪੀ. ਉਪਰ ਹੀ ਆਇਦ ਹੁੰਦੀ ਹੈ। ਜਦ ਦੀ ਇਹ ਫ਼ੋਰਸ ਪੰਜਾਬ ਆਈ ਹੈ ਉਦੋਂ ਤੋਂ ਹੀ ਇਸ ਨੇ ਸਿਖ-ਵਿਰੋਧੀ ਕਾਰਵਾਈਆਂ ਕਰਕੇ ਸਿਖਾਂ ਦੇ ਜਜ਼ਬਾਤ ਨੂੰ ਸਖਤ ਠੇਸ ਪਹੁੰਚਾਉਣੀ ਸ਼ੁਰੂ ਕਰ ਰਖੀ ਹੈ। ਇਸ ਫੋਰਸ ਦੀ ਪੱਖਪਾਤ ਵਾਲੀ ਨੀਤੀ ਰਸਤਾ-ਰੋਕੂ ਅੰਦੋਲਨ ਦੇ ਦੌਰਾਨ ਨੰਗੀ ਹੋ ਗਈ ਸੀ। ਉਸ ਸਮੇਂ ਇਸ ਫੋਰਸ ਨੇ ਪੁਰ-ਅਮਨ ਸਿਖਾਂ ਉਪਰ ਮੀਂਹ ਦੀ ਤਰ੍ਹਾਂ ਗੋਲੀਆਂ ਵਰ੍ਹਾਈਆਂ ਸਨ। ਪੰਜਾਬ ਦੀਆਂ ਸੜਕਾਂ ਸਿਖਾਂ ਦੇ ਖ਼ੂਨ ਨਾਲ ਧੋਤੀਆਂ ਗਈਆਂ ਸਨ। ਸੀ.ਆਰ.ਪੀ. ਦੀ ਇਸ ਫ਼ਿਰਕੇਦਾਰਾਨਾ ਕਾਰਵਾਈ ਸਦਕਾ ਅਸਾਂ ਇਹਨਾਂ ਕਾਲਮਾਂ ਰਾਹੀਂ ਜ਼ੋਰਦਾਰ ਆਵਾਜ਼ ਉਠਾਈ ਸੀ ਤੇ ਸਰਕਾਰ ਪਾਸੋਂ ਮੰਗ ਕੀਤੀ ਸੀ ਕਿ ਸੀ.ਆਰ.ਪੀ. ਨੂੰ ਹਟਾ ਦਿਤਾ ਜਾਵੇ। ਕੁਝ ਸਮੇਂ ਲਈ ਹਟਾ ਵੀ ਦਿਤੀ ਗਈ ਸੀ। ਪਰ ਛੇਤੀ ਹੀ ਮੁੜ ਪੰਜਾਬ ਦੇ ਵੱਖ ਵਖ ਥਾਵਾਂ ਤੇ ਸ਼ਹਿਰਾਂ ਵਿਚ ਲਗਾ ਦਿਤੀ ਗਈ। ਹੁਣ ਫ਼ਿਰਕਾਪ੍ਰਸਤੀ ਦਾ ਜੋ ਨੰਗਾ ਨਾਚ ਅੰਮ੍ਰਿਤਸਰ ਵਿਚ ਇਸ ਵਲੋਂ ਕੀਤਾ ਗਿਆ ਹੈ ਉਹ ਸਖ਼ਤ ਅਫ਼ਸੋਸਨਾਕ ਹੈ। ਕਿਵੇਂ ਬੇਗੁਨਾਹ ੮ ਸਿਖਾਂ ਨੂੰ ਗੋਲੀਆਂ ਨਾਲ ਭੁੰਨ ਦਿਤਾ ਗਿਆ, ਇਹ ਇਕ ਅਜਿਹੀ ਦਾਸਤਾਂ ਹੈ ਜੋ ਲੂੰ ਕੰਡੇ ਖੜੇ ਕਰਨ ਵਾਲੀ ਹੈ। ਬਿਨਾਂ ਕਿਸੇ ਦੋਸ਼ ਦੇ ਸਿਖਾਂ ਨੂੰ ਪਕੜ ਪਕੜ ਕੇ ਗੋਲੀ ਮਾਰੀ ਗਈ। ਸਿਖ ਹਲਕਿਆਂ ਵਿਚ ਸੀ.ਆਰ.ਪੀ. ਦੀ ਇਸ ਕਾਰਵਾਈ ਦਾ ਬਹੁਤ ਤਿੱਖਾ ਵਿਰੋਧ ਹੋਇਆ ਹੈ। ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੀ. ਆਰ. ਪੀ. ਦੀ ਇਸ ਘਿਨਾਉਣੀ ਕਾਰਵਾਈ ਦਾ ਸ਼ਖ਼ਤ ਨੋਟਿਸ ਲਿਆ ਹੈ ਤੇ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਸੀ. ਆਰ. ਪੀ. ਨੂੰ ਤੁਰਤ ਵਾਪਸ ਬੁਲਾਇਆ ਜਾਵੇ। ਕਿਉਂਕਿ ਇਸ ਦੀਆਂ ਕਾਰਵਾਈਆਂ ਪੰਜਾਬ ਵਿਚ ਫ਼ਿਰਕਾਪ੍ਰਸਤੀ ਨੂੰ ਬੜਾਵਾ ਦੇਣਗੀਆਂ ਤੇ ਪੰਜਾਬ ਦੇ ਹਾਲਾਤ ਨਾਰਮਲ ਨਹੀਂ ਹੋਣ ਦੇਣਗੀਆਂ। ਸੰਤ ਜੀ ਨੇ ਸੀ. ਆਰ. ਪੀ. ਉਪਰ ਗੰਭੀਰ ਦੂਸ਼ਨ ਲਗਾਉਂਦਿਆਂ ਕਿਹਾ ਕਿ ਜਿਥੇ ਇਸ ਨੇ ਸਿਖਾਂ ਨੂੰ ਚੁਣ ਚੁਣ ਕੇ ਮਾਰਿਆ ਉਥੇ ਇਸ ਨੇ ਸਿਖਾਂ ਦੀਆਂ ਦੁਕਾਨਾਂ ਦੀ ਲੁਟਮਾਰ ਵੀ ਕੀਤੀ। ਸੰਤ ਜੀ ਨੇ ਕਿਹਾ ਕਿ ਅੰਮ੍ਰਿਤਸਰ ਦੇ ਹਾਲ ਬਾਜ਼ਾਰ ਵਿਚ ਜਦ ਕੁਝ ਜਨੂੰਨੀ, ਇਕ ਸਿਖ ਦੀ ਘੜੀਆਂ ਦੀ ਦੁਕਾਨ ਲੁਟ ਰਹੇ ਸਨ



www.AKJ.Org

ਤਾਂ ਸੀ.ਆਰ.ਪੀ. ਜੋ ਮੁਹਾਫਜ਼ ਸੀ, ਉਹ ਵੀ ਲੁਟ ਵਿਚ ਸ਼ਾਮਲ ਹੋ ਗਈ। ਸਬਜ਼ੀ ਮੰਡੀ ਵਿਚ ਆਪਣੀਆਂ ਦੁਕਾਨਾਂ ਦੇ ਅੰਦਰ ਬੈਠੇ ਸਿਖਾਂ ਨੂੰ ਬਾਹਰ ਕਢ ਕੇ ਗੋਲੀਆਂ ਮਾਰੀਆਂ ਗਈਆਂ। ਸ਼ਿਵਾਲਾ ਮੰਦਰ ਦੇ ਥੜੇ ਉਪਰ ਬੈਠੇ ਸਿਖਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ। ਦੋ ਸੱਕੇ ਭਰਾ ਸਾਈਕਲਾਂ ਉਪਰ ਜਾ ਰਹੇ ਸਨ, ਉਹਨਾਂ ਨੂੰ ਬਿਨਾਂ ਕਿਸੇ ਕਸੂਰ ਦੇ ਗੋਲੀ ਮਾਰ ਦਿਤੀ ਗਈ। ਕਾਰ ਵਿਚੋਂ ਬਾਹਰ ਕੱਢ ਕੇ ਇਕ ਸਿਖ ਨੂੰ ਗੋਲੀ ਮਾਰੀ ਗਈ। ਸੰਤ ਜੀ ਨੇ ਸਰਕਾਰ ਦੀ ਇਸ ਮਸ਼ੀਨਰੀ ਉਪਰ ਦੋਸ਼ ਲਗਾਉਂਦਿਆਂ ਕਿਹਾ ਕਿ ਜਦ ਸਰਕਾਰੀ ਮਸ਼ੀਨਰੀ ਹੀ ਸਿਖ ਦੁਸ਼ਮਣੀ ਦਾ ਸਬੂਤ ਦੇਣ ਲੱਗ ਪਵੇ ਤਾਂ ਉਥੇ ਇਨਸਾਫ ਦੀ ਕੀ ਆਸ ਰਖੀ ਜਾ ਸਕਦੀ ਹੈ। ਸੰਤ ਜੀ ਨੇ ਕੇਂਦਰੀ ਸਰਕਾਰ ਨੂੰ ਸਖ਼ਤ ਚੁਨੌਤੀ ਦੇਂਦਿਆਂ ਕਿਹਾ ਕਿ ਉਹ ਪੰਜਾਬ ਵਿਚੋਂ ਤੁਰੰਤ ਸੀ. ਆਰ. ਪੀ. ਹਟਾ ਲਵੇ, ਜੇ ਅਜਿਹਾ ਨਾ ਕੀਤਾ ਗਿਆ ਤਾਂ ਇਸ ਦੇ ਬਹੁਤ ਹੀ ਖ਼ਤਰਨਾਕ ਸਿਟੇ ਨਿਕਲ ਸਕਦੇ ਹਨ। ਜੇ ਸੀ. ਆਰ. ਪੀ. ਨਾ ਹਟਾਈ ਤਾਂ ਉਹ ਸਿੱਖ ਦੁਸ਼ਮਣੀ ਵਾਲੀਆਂ ਕਾਰਵਾਈਆਂ ਜਾਰੀ ਰਖੇਗੀ, ਜਿਸ ਕਾਰਨ ਸਿੱਖਾਂ ਵਿਚ ਰੋਸ ਤੇ ਗੁਸਾ ਵਧੇਗਾ, ਫਿਰ ਮਜਬੂਰ ਹੋ ਕੇ ਦਲ ਨੂੰ ਮਰਜੀਵੜਿਆਂ ਨੂੰ ਕਾਲ ਦੇਣੀ ਪਵੇਗੀ। ਉਸ ਹਾਲਤ ਵਿਚ ਹਾਲਾਤ ਸਰਕਾਰ ਦੇ ਕੰਟਰੋਲ ਤੋਂ ਬਾਹਰ ਹੋ ਜਾਣਗੇ ਤੇ ਇਸ ਦੀ ਜ਼ੁਮੇਵਾਰੀ ਸਰਕਾਰ ਉਪਰ ਹੀ ਆਵੇਗੀ।

ਸੰਤ ਹਰਚੰਦ ਸਿੰਘ ਲੌਂਗੋਵਾਲ ਬਹੁਤ ਠਰੰਮ੍ਹੇ ਵਾਲੇ ਨੇਤਾ ਹਨ ਤੇ ਉਹ ਗਰਮ ਗੱਲ ਕਹਿਣ ਤੋਂ ਪਹਿਲਾਂ ਕਈ ਵਾਰ ਸੋਚਦੇ ਹਨ। ਅਜਿਹੇ ਠੰਡੇ ਸੁਭਾਉ ਵਾਲੇ ਨੇਤਾ ਵਲੋਂ ਉਪਰੋਕਤ ਬਿਆਨ ਦੇਣਾ ਸਿਧ ਕਰਦਾ ਹੈ ਕਿ ਪਾਣੀ ਸਿਰ ਉਪਰੋਂ ਲੰਘਦਾ ਜਾ ਰਿਹਾ ਹੈ। ਜੇ ਕੋਈ ਹੋਰ ਬਦਲ ਹੁੰਦਾ ਤਾਂ ਸੰਤ ਜੀ ਜ਼ਰੂਰ ਹੀ ਉਪਰੋਕਤ ਬਿਆਨ ਦੇਣ ਤੋਂ ਗੁਰੇਜ਼ ਕਰਦੇ। ਸੀ. ਆਰ. ਪੀ. ਦੀ ਨੰਗੀ ਚਿੱਟੀ ਸਿੱਖਾਂ ਵਿਰੁਧ ਫ਼ਿਰਕਾਪ੍ਰਸਤੀ ਨੇ ਇਹ ਸਿਧ ਕਰ ਦਿਤਾ ਹੈ ਕਿ ਉਸ ਦੇ ਹੁੰਦਿਆਂ ਪੰਜਾਬ ਦੇ ਹਾਲਾਤ ਨਾਰਮਲ ਨਹੀਂ ਹੋ ਸਕਣਗੇ। ਜੇ ਇਹ ਫ਼ੋਰਸ ਪੰਜਾਬ ਵਿਚ ਰਹੀ ਤਾਂ ਪਤਾ ਨਹੀਂ, ਸਥਿਤੀ ਕਿਥੇ ਦੀ ਕਿਥੇ ਪੁਜ ਜਾਵੇ। ਰਸਤਾ-ਰੋਕੂ ਅੰਦੋਲਨ ਸਮੇਂ ਇਸ ਫ਼ੋਰਸ ਦੀ ਨੀਤੀ ਨੂੰ ਅਸਾਂ ਅਨੁਭਵ ਕਰ ਲਿਆ ਸੀ ਕਿ ਇਹ ਲੋਕ ਐਂਟੀ-ਸਿਖ ਦ੍ਰਿਸ਼ਟੀਕੋਨ ਰਖਦੇ ਹਨ। ਅਸੀਂ ਇਨ੍ਹਾਂ ਕਾਲਮਾਂ ਵਿਚ ਸਮੇਂ ਸਮੇਂ ਇਸ ਫ਼ੋਰਸ ਨੂੰ ਹਟਾਉਣ ਦੀ ਮੰਗ ਕਰਦੇ ਰਹੇ ਹਾਂ ਤੇ ਹੁਣ ਵੀ ਜ਼ੋਰਦਾਰ ਲਫਜ਼ਾਂ ਰਾਹੀਂ ਸਰਕਾਰ ਪਾਸੋਂ ਮੰਗ ਕਰਾਂਗੇ ਕਿ ਅਵਲ ਤਾਂ ਸਾਰੇ ਪੰਜਾਬ ਵਿਚੋਂ ਹੀ ਇਸ ਫ਼ੋਰਸ ਨੂੰ ਹਟਾ ਲਿਆ ਜਾਵੇ, ਜੇ ਹਾਲ ਦੀ ਘੜੀ ਅਜਿਹਾ ਸੰਭਵ ਨਹੀਂ ਤਾਂ ਘਟੋ ਘੱਟ ਅੰਮ੍ਰਿਤਸਰ ਸ਼ਹਿਰ ਵਿਚੋਂ ਇਸ ਨੂੰ ਬਿਨਾਂ ਕਿਸੇ ਦੇਰੀ ਦੇ ਵਾਪਸ ਬੁਲਾ ਲਿਆ ਜਾਵੇ। ਕਿਉਂਕਿ ਇਸ ਦੀਆਂ ਕਾਰਵਾਈਆਂ ਐਂਟੀ-ਸਿਖ ਹਨ ਤੇ ਕਿਸੇ ਵੇਲੇ ਵੀ ਕੁਝ ਵਾਪਰ ਸਕਦਾ ਹੈ। ਇਹ ਲੋਕ ਦਰਬਾਰ ਸਾਹਿਬ ਦੀ ਪਵਿਤਰਤਾ ਤਕ ਦਾ ਵੀ ਧਿਆਨ ਨਹੀਂ ਰਖਦੇ ਤੇ ਦਰਬਾਰ ਸਾਹਿਬ ਦੁਆਲੇ ਇਨ੍ਹਾਂ ਦਾ ਘੇਰਾ ਤੰਗ ਤੋਂ ਤੰਗ ਹੋ ਰਿਹਾ ਹੈ ਤੇ ਦਹਿਸ਼ਤ ਫੈਲਾਉਣ ਵਾਲਾ ਹੈ। ਇਹ ਫ਼ੋਰਸ ਫ਼ਾਇਰਿੰਗ ਇੰਜ ਸ਼ੁਰੂ ਕਰ ਦੇਂਦੀ ਹੈ ਜਿਵੇਂ 'ਸ਼ੁਗਲ' ਨਾਲ ਅਜਿਹਾ ਕੁਝ ਕੀਤਾ ਜਾਂਦਾ ਹੈ। ਬਿਨਾਂ ਕਿਸੇ ਕਾਰਨ ਗੋਲੀਆਂ ਚਲਾਉਣ ਨਾਲ ਜਿਥੇ ਭੜਕਾਹਟ ਵਧਦੀ ਹੈ ਉਥੇ ਤਰ੍ਹਾਂ ਤਰ੍ਹਾਂ ਦੇ ਗ਼ਲਤ ਮਤਲਬ ਵੀ ਨਿਕਲ ਸਕਦੇ ਹਨ, ਜੋ ਅਫ਼ਵਾਹਾਂ ਦਾ ਕਾਰਨ ਬਣਦੇ ਹਨ। ਪਤਾ ਨਹੀਂ ਸਰਕਾਰ ਨੇ ਸਭ ਕੁਝ ਜ਼ਾਣਦਿਆਂ ਬੁਝਦਿਆਂ ਹੋਇਆਂ ਵੀ ਫਿਰ ਅੰਮ੍ਰਿਤਸਰ ਦਾ ਸ਼ਹਿਰ ਇਸ ਦੇ ਹਵਾਲੇ ਕਰ ਰਖਿਆ ਹੈ ਤਾਂ ਕਿਉਂ ? ਜਦੋਂ ਕਿ ਸਰਕਾਰ ਪਾਸ ਪੀ. ਏ. ਪੀ. ਤੇ ਬੀ. ਐਸ. ਐਫ. ਵਰਗੀਆਂ ਫ਼ੋਰਸਾਂ ਮੌਜੂਦ ਹਨ।

—ਰਤਨੇਸ਼ ਸਿੰਘ ਸੋਢੀ

—ਅਕਾਲੀ ਪੱਤ੍ਰਕਾ, ੬-੪-੮੪

**ਸੰਤ ਲੌਂਗੋਵਾਲ ਵਲੋਂ ਸੋਢੀ ਦੇ ਕਤਲ ਦੀ ਨਿੰਦਾ**

ਅੰਮ੍ਰਿਤਸਰ, ੧੫ ਅਪ੍ਰੈਲ–(ਪੀ.ਟੀ.ਆਈ.) ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ



www.AKJ.Org

ਨੇ ਸੁਰਿੰਦਰ ਸਿੰਘ ਸੋਢੀ ਨੂੰ ਕਲ੍ਹ ਇਕ ਹੋਟਲ ਵਿਚ ਗੋਲੀ ਮਾਰ ਕੇ ਹਲਾਕ ਕੀਤੇ ਜਾਣ ਦੀ ਨਿੰਦਿਆ ਕਰਦਿਆਂ ਕਿਹਾ ਹੈ ਕਿ ਦਰਬਾਰ ਸਾਹਿਬ ਦੇ ਨੇੜੇ ਅਜਿਹੀਆਂ ਘਟਨਾਵਾਂ ਦਾ ਹੋਣਾ ਅਫ਼ਸੋਸਨਾਕ ਹੈ। ਸੰਤ ਲੌਂਗੋਵਾਲ ਨੇ ਇਸ ਘਟਨਾ ਦੀ ਪੂਰੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਹੈ, ਤਾਂ ਕਿ ਸਚਾਈ ਅਤੇ ਦੋਸ਼ੀਆਂ ਦਾ ਪਤਾ ਲਗ ਸਕੇ। ਇਸੇ ਦੌਰਾਨ ਅਕਾਲੀ ਦਲ ਵਲੋਂ ਜਾਰੀ ਇਕ ਬਿਆਨ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਦਲ ਦਾ ਇਸ ਘਟਨਾ ਨਾਲ ਕੋਈ ਸੰਬੰਧ ਨਹੀਂ ਹੈ।......

—ਅਜੀਤ, ੧੬-੪-੮੪

## ਅਕਲੀ ਨੇਤਾ ਮਾਲਿਕ ਸਿੰਘ ਭਾਟੀਆ ਤੇ ਚਾਹ ਦੀ ਦੁਕਾਨ ਦੇ ਮਾਲਕ ਬੈਜੀ ਨੂੰ ਦਰਬਾਰ ਸਾਹਿਬ ਸਮੂਹ ਚਿ ਗੋਲੀ ਮਾਰ ਦਿਤੀ ਗਈ

**ਸ: ਭਾਟੀਆ ਬਾਰੇ ਵੇਰਵਾ**—ਸ: ਮਾਲਿਕ ਸਿੰਘ ਭਾਟੀਆ ਨੂੰ, ਜਦੋਂ ਉਹ ਗੁਰੂ ਰਾਮ ਦਾਸ ਨਿਵਾਸ ਤੋਂ ਬਾਹਰ ਆ ਰਹੇ ਸਨ, ਕਈ ਗੋਲੀਆਂ ਮਾਰੀਆਂ ਗਈਆਂ ਅਤੇ ਉਹ ਮੌਕੇ ਤੇ ਹੀ ਦਮ ਤੋੜ ਗਏ। ਸ: ਭਾਟੀਆ ਦਾ ਨਾਂ ਪ੍ਰਾਈਵੇਟ ਤੌਰ ਤੇ ਸੁਰਿੰਦਰ ਸਿੰਘ ਸੋਢੀ ਨੂੰ ਕਤਲ ਕਰਨ ਦੀ ਸਾਜ਼ਿਸ਼ ਕਰਨ ਵਾਲਿਆਂ ਦੇ ਨਾਲ ਜੋੜਿਆ ਜਾਂਦਾ ਹੈ। ਸੁਰਿੰਦਰ ਸਿੰਘ ਸੋਢੀ ਨੂੰ ਪਿਛਲੇ ਦਿਨੀਂ ਦਰਬਾਰ ਸਾਹਿਬ ਕੰਪਲੈਸਕ ਤੋਂ ਬਾਹਰ ਇਕ ਹੋਟਲ ਵਿਚ ਚਾਹ ਪੀਂਦੇ ਸਮੇਂ ਗੋਲੀ ਮਾਰ ਕੇ ਹਲਾਕ ਕਰ ਦਿਤਾ ਗਿਆ ਸੀ। ਸ: ਭਾਟੀਆ ਜ਼ਿਲਾ ਅੰਮ੍ਰਿਤਸਰ ਅਕਾਲੀ ਜਥਾ (ਤਲਵੰਡੀ) ਦੇ ਪ੍ਰਧਾਨ ਸਨ। ਸ: ਭਾਟੀਆ ਦੇ ਕਤਲ ਤੋਂ ਕੁਝ ਘੰਟੇ ਪਹਿਲਾਂ ਗੁਰੂ ਰਾਮਦਾਸ ਸਰਾਂ ਦੇ ਬਾਹਰ ਪੰਜਾਬੀ ਵਿਚ ਇਕ ਬੋਰਡ ਲਾਇਆ ਗਿਆ, ਜਿਸ ਤੇ ਲਿਖਿਆ ਸੀ ਕਿ ਸੋਢੀ ਦਾ ਹਤਿਆਰਾ ੨੪ ਘੰਟੇ ਦੇ ਅੰਦਰ ਮਾਰ ਦਿਤਾ ਗਿਆ ਅਤੇ ਦੂਸਰਿਆਂ ਨੂੰ ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ।......ਕਿਹਾ ਜਾਂਦਾ ਹੈ ਕਿ ਬਲਜੀਤ ਕੌਰ ਦੇ 'ਇਕਬਾਲੀਆ ਬਿਆਨ' ਪਿਛੋਂ ਸ: ਭਾਟੀਆ ਨੂੰ ਕਲ੍ਹ ਤੋਂ ਸੰਤ ਭਿੰਡਰਾਂ ਵਾਲਾ ਦੇ ਸਮਰਥਕਾਂ ਨੇ ਪੁਛਗਿਛ ਲਈ ਆਪਣੀ ਹਿਰਾਸਤ ਵਿਚ ਰਖਿਆ ਹੋਇਆ ਸੀ। ਇਕ ਹੋਰ ਸੂਚਨਾ ਅਨੁਸਾਰ ਸ: ਭਾਟੀਆ ਨੂੰ ਅਜ ਸਵੇਰੇ ਸੰਤ ਭਿੰਡਰਾਂ ਵਾਲੇ (ਲੰਗਰ ਦੀ ਬਿਲਡਿੰਗ) ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ। ਇਕ ਰਿਪੋਰਟ ਇਹ ਵੀ ਹੈ ਕਿ ਸ: ਭਾਟੀਆ ਨੇ ਸਾਜ਼ਸ਼ 'ਚ ਸ਼ਾਮਲ ਹੋਣ ਬਾਰੇ ਮੰਨ ਲਿਆ ਸੀ। ਅਖੀਂ ਵੇਖਣ ਵਾਲਿਆਂ ਦਾ ਕਹਿਣਾ ਹੈ ਕਿ ਪਹਿਲਾਂ ਉਸ ਨੂੰ ਤਲਵਾਰ ਨਾਲ ਮਾਰਨ ਦਾ ਯਤਨ ਕੀਤਾ ਗਿਆ, ਪਰ ਜਦੋਂ ਸਫਲ ਨਾ ਹੋਏ ਤਾਂ ਗੋਲੀ ਮਾਰ ਦਿਤੀ ਗਈ।

**ਬੈਜੀ ਬਾਰੇ ਵੇਰਵਾ**—ਸ: ਬੈਜੀ ਦਾ ਨਾਂ ਸੁਰਿੰਦਰ ਸਿੰਘ ਸੋਢੀ ਦੇ ਕਤਲ ਦੀ ਸਾਜ਼ਿਸ਼ ਕਰਨ ਵਾਲਿਆਂ ਵਿਚ ਸ਼ਾਮਲ ਸੀ। ਸ: ਬੈਜੀ ਨੂੰ ਸ: ਭਾਟੀਆ ਦੇ ਕਤਲ ਤੋਂ ੮੦ ਮਿੰਟਾਂ ਦੇ ਅੰਦਰ ਉਸੇ ਢੰਗ ਨਾਲ ਮਾਰ ਦਿਤਾ ਗਿਆ। ਉਸ ਨੂੰ ਚਾਹ ਬਣਾਂਦੇ ਹੋਏ ਅਣਪਛਾਤੇ ਵਿਅਕਤੀਆਂ ਨੇ ਗੋਲੀ ਮਾਰ ਦਿਤੀ ਤੇ ਮੌਕੇ ਤੇ ਹੀ ਉਸਦੀ ਮੌਤ ਹੋ ਗਈ।

**ਸੁਰਿੰਦਰ ਛਿੰਦਾ ਦੀ ਲਾਸ਼ ਮਿਲੀ**—ਪੁਲਿਸ ਨੇ ਬੀਤੀ ਰਾਤ ਅੰਮ੍ਰਿਤਸਰ ਤੋਂ ੨੫ ਕਿਲੋਮੀਟਰ ਦੂਰ ਅੰਮ੍ਰਿਤਸਰ-ਜਲੰਧਰ ਸੜਕ ਤੇ ਮਾਨਾਂਵਾਲਾ ਨੇੜੇ ਇਕ ਬਿਨਾਂ-ਸਿਰ ਦੇ ਲਾਸ਼ ਬਰਾਮਦ ਕੀਤੀ ਹੈ। ਰਾਜ ਦੇ ਸਾਰੇ ਹੈਡਕੁਆਟਰ ਵਿਚ ਪੁਜੀਆਂ ਸੂਚਨਾਵਾਂ ਅਨੁਸਾਰ ਇਹ ਲਾਸ਼ ਸੁਰਿੰਦਰ ਸਿੰਘ ਛਿੰਦਾ ਦੀ ਹੈ, ਜੋ ਕਥਿਤ ਤੌਰ ਤੇ ਸੁਰਿੰਦਰ ਸਿੰਘ ਸੋਢੀ ਦਾ ਸਹਿ-ਕਾਤਲ ਸੀ। ਸੁਰਿੰਦਰ ਸਿੰਘ ਸੋਢੀ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਦਾ ਸ਼ਰਧਾਲੂ ਸੀ ਤੇ ਉਸ ਨੂੰ ਬੀਤੇ ਦਿਨ ਸ਼ਨੀਵਾਰ ਦਰਬਾਰ ਸਾਹਿਬ ਦੇ ਬਾਹਰ ਇਕ ਹੋਟਲ ਵਿਚ ਇਕ ਔਰਤ ਅਤੇ ਸੁਰਿੰਦਰ ਸਿੰਘ ਛਿੰਦਾ ਨੇ ਕਥਿਤ ਤੌਰ ਤੇ ਕਤਲ ਕਰਾ ਦਿਤਾ ਸੀ। ਸ: ਛਿੰਦਾ ਦੀ ਲਾਸ਼ ਦੇ ਸਤ ਟੋਟੇ ਕੀਤੇ ਗਏ।

—ਅਜੀਤ, ੧੭-੪-੮੪



www.AKJ.Org

# ਚੰਡੀਗੜ੍ਹ ਚਿ ਵੱਡੇ ਪੈਮਾਨੇ ਤੇ ਹਿੰਸਾ, ਸਾੜ ਫੂਕ ਤੇ ਤੋੜ ਫੋੜ

## ੪ ਬੱਸਾਂ ਤੇ ਕਈ ਦੁਕਾਨਾਂ ਨੂੰ ਅੱਗ
## ਸੰਮਤੀ ਵਰਕਰਾਂ ਵਲੋਂ ਲਾਠੀਆਂ, ਤਲਵਾਰਾਂ ਨਾਲ ਲੋਕ ਤੇ ਹਮਲੇ
## ਕੇਸਾਂ ਦੀ ਬੇਅਦਬੀ ਦਾ ਵੀ ਦੋਸ਼–ਬੀਬੀਆਂ ਤੇ ਹਮਲੇ

ਚੰਡੀਗੜ੍ਹ, ੧੮ ਅਪਰੈਲ–(ਹਰਕੰਵਲਜੀਤ ਸਿੰਘ) ਅੱਜ ਦਿਨ ਦੀਆਂ ਹਿੰਸਕ ਘਟਨਾਵਾਂ ਮਗਰੋਂ ਚੰਡੀਗੜ੍ਹ ਵਿਚ ਰਾਤ ਭਰ ਲਈ ਕਰਫੀਊ ਲਗਾ ਦਿਤਾ ਗਿਆ। ਚੰਡੀਗੜ੍ਹ ਪ੍ਰਸ਼ਾਸਨ ਦੇ ਡੀ. ਸੀ., ਗ੍ਰਿਹ ਸਕੱਤਰ ਅਤੇ ਆਈ. ਜੀ. ਨੇ ਅੱਜ ਇਕ ਪ੍ਰੈਸ ਕਾਨਫਰੰਸ ਵਿਚ ਦਸਿਆ ਕਿ ਅੱਜ ਦੀਆਂ ਘਟਨਾਵਾਂ ਵਿਚ ੪ ਬੱਸਾਂ ਸਾੜੀਆਂ ਗਈਆਂ ਹਨ, ਜਿਹਨਾਂ ਵਿਚ ਦੋ ਹਰਿਆਣਾ ਅਤੇ ਦੋ ਯੂ. ਟੀ. ਦੀਆਂ ਸਨ। ਪਥਰਾਉ ਕਾਰਨ ੧੧ ਪੁਲਿਸ-ਮੁਲਾਜ਼ਮ ਫਟੜ ਹੋਏ ਹਨ। ਉਹਨਾਂ ਅਨੁਸਾਰ ਅੱਜ ਕੁਲ ੧੧ ਬੰਦੇ ਫਟੜ ਹੋਏ, ਜਦ ਕਿ ਹਸਪਤਾਲ ਦੇ ਸੂਤਰਾਂ ਮੁਤਾਬਿਕ ੫੦-੬੦ ਬੰਦੇ ਹਸਪਤਾਲ ਦਾਖ਼ਲ ਹੋਏ ਹਨ। ਇਹਨਾਂ ਵਿਚੋਂ ੬-੭ ਵਿਅਕਤੀ ਛੁਰੇ ਵਜਣ ਕਾਰਨ ਜ਼ਖਮੀ ਹੋਏ ਹਨ। ਇਹਨਾਂ ਵਿਚੋਂ ਕਈਆਂ ਦੀ ਹਾਲਤ ਖ਼ਰਾਬ ਦਸੀ ਗਈ ਹੈ। ਸਾਬਕ ਕਾਂਗਰਸ (ਆਈ) ਵਿਧਾਇਕ ਸ੍ਰੀ ਵਿਸ਼ਵਾ ਮਿਤਰ ਸੇਖੜੀ ਦੀ ਕਾਰ ਨੂੰ ਵੀ ਨੁਕਸਾਨ ਪੁਚਾਇਆ ਗਿਆ ਤੇ ਕਾਰ ਵਿਚ ਸਵਾਰ ੨ ਵਿਅਕਤੀ ਛੁਰੇ ਮਾਰ ਕੇ ਫਟੜ ਕਰ ਦਿਤੇ ਗਏ। ਮੁਹਾਲੀ ਤੋਂ ਆ ਰਹੇ ਇਕ ਵਿਅਕਤੀ ਨੂੰ ਵੀ ਛੁਰਾ ਮਾਰਿਆ ਗਿਆ।

ਇਸੇ ਦੌਰਾਨ ਚੰਡੀਗੜ੍ਹ ਦੀਆਂ ਸਿਖ ਸੰਸਥਾਵਾਂ ਅਤੇ ਗੁਰਦੁਆਰਿਆਂ ਦੀ ਤਾਲਮੇਲ ਕਮੇਟੀ ਦੇ ਜਨਰਲ ਸਕੱਤਰ ਸ: ਰਣਜੀਤ ਸਿੰਘ ਰਿਆੜ ਨੇ ਦੋਸ਼ ਲਾਇਆ ਕਿ ਸੰਮਤੀ ਵਰਕਰਾਂ ਨੇ ਚੰਡੀਗੜ੍ਹ ਵਿਚ ਕਰਨਾਲ ਤੇ ਪਾਣੀਪਤ ਦੀ ਹਾਲਤ ਪੈਦਾ ਕਰ ਦਿਤੀ। ਕਈ ਸਿਖਾਂ ਦੇ ਕੇਸਾਂ ਦੀ ਬੇਅਦਬੀ ਕੀਤੀ। ਬੀਬੀਆਂ ਤੇ ਹਮਲੇ ਕੀਤੇ ਗਏ। ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸੈਕਟਰ ੧੫ ਤੇ ਹਮਲੇ ਦੀ ਯੋਜਨਾ ਸੀ, ਪਰ ਇਥੇ ਸਿਖ ਸੰਗਤਾਂ ਭਾਰੀ ਗਿਣਤੀ ਵਿਚ ਹੋਣ ਕਰਕੇ ਪੁਲਸ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕ ਦਿਤਾ। ਉਹਨਾਂ ਦੋਸ਼ ਲਾਇਆ ਕਿ ਚੰਡੀਗੜ੍ਹ ਦੇ ਮੁਖ ਸਕੱਤਰ, ਗ੍ਰਿਹ ਸਕੱਤਰ ਤੇ ਹੋਰ ਅਫਸਰਾਂ ਦੀ ਮੌਜੂਦਗੀ ਵਿਚ ਜਲੂਸ ਚਿ ਸ਼ਾਮਲ ਲੋਕ ਮਨਮਾਨੀਆਂ ਕਰਦੇ ਰਹੇ। ਪੁਲਸ ਨੇ ਕੋਈ ਦਖ਼ਲ ਨਾ ਦਿਤਾ। ਇਕ ਫ਼ਿਰਕੇ ਦੇ ਲੋਕਾਂ ਤੇ ਚਾਕੂਆਂ ਨਾਲ ਹਮਲੇ ਕੀਤੇ ਗਏ। ਕਈ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਉਹਨਾਂ ਕਿਹਾ ਕਿ ਸਾਰੇ ਗੁਰਦੁਆਰਿਆਂ ਦੀ ਰਖਿਆ ਲਈ ਸੰਗਤ ਪਹੁੰਚ ਗਈ ਹੈ। —ਅਜੀਤ, ੧੯-੪-੮੪

## ਚੰਡੀਗੜ੍ਹ ਚਿ ੧੭ ਸਿੰਘ ਗ੍ਰਿਫ਼ਤਾਰ
## ਪੁਲਸ ਧਾਰਮਿਕ ਅਸਥਾਨ ਚਿ ਦਾਖ਼ਲ ਹੋ ਗਈ, ਭਾਰੀ ਰੋਸ-ਜਲੂਸ

ਚੰਡੀਗੜ੍ਹ, ੧੯ ਅਪ੍ਰੈਲ–(ਸਟਾਫ਼ ਰਿਪੋਰਟਰ) ਅਜ ਇਥੇ ਪੁਲਸ ਨੇ ਸੈਕਟਰ ੧੫ ਦੇ ਇਕ ਧਾਰਮਿਕ ਅਸਥਾਨ ਵਿਚ ਦਾਖ਼ਲ ਹੋ ਕੇ ਚੰਡੀਗੜ੍ਹ ਦੇ ਗੁਰਦੁਆਰਿਆਂ ਦੀ ਤਾਲ-ਮੇਲ ਕਮੇਟੀ ਦੇ ਪ੍ਰਧਾਨ ਸ: ਅਮਰ ਸਿੰਘ ਚਾਹਲ ਤੇ ਉਨ੍ਹਾਂ ਦੇ ਹੋਰ ੧੬ ਸਾਥੀਆਂ ਨੂੰ ਧਾਰਾ ੩੦੨,੧੮੮,੩੦੭ ਅਧੀਨ ਗ੍ਰਿਫ਼ਤਾਰ ਕਰ ਲਿਆ।.........

ਕਲ੍ਹ ਚੰਡੀਗੜ੍ਹ ਵਿਚ ਇਕ ਫ਼ਿਰਕੇ ਵਿਰੁਧ ਹਿੰਸਕ ਕਾਰਵਾਈਆਂ ਤੇ ਰੋਸ ਵਜੋਂ ਚੰਡੀਗੜ੍ਹ ਦੇ ਸਾਰੇ ਗੁਰਦੁਆਰਿਆਂ ਤੇ ਸਿਖ ਸੰਸਥਾਵਾਂ ਦੀ ਕੇਂਦਰੀ ਤਾਲਮੇਲ ਕਮੇਟੀ ਵਲੋਂ ਦਫ਼ਾ ੧੪੪ ਤੋੜ ਕੇ ਗੁਰਦਵਾਰਾ ੧੫ ਸੈਕਟਰ ਤੋਂ ਰੋਸ ਜਲੂਸ ਕਢਿਆ ਗਿਆ।......ਇਹ ਜਲੂਸ ਸ਼ਾਂਤ-ਪੂਰਨ ਰਿਹਾ। ਇਸ ਜਲੂਸ ਵਿਚ ਸਕੂਟਰ, ਮੋਟਰ ਸਾਈਕਲ ਤੇ ਬੱਸਾਂ ਤੇ ਲੋਕ ਸਵਾਰ ਸਨ। —ਅਜੀਤ, ੨੦-੪-੮੪



www.AKJ.Org

## ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਕਰੋ

## ਕੇਂਦਰ ਧਰਮ ਯੁਧ ਮੋਰਚੇ ਦੀ ਚੜ੍ਹਤ ਤੋਂ ਘਬਰਾ ਗਿਆ—ਸੰਤ ਲੌਂਗੋਵਾਲ ਦਾ ਬਿਆਨ

ਅੰਮ੍ਰਿਤਸਰ, ੧੮ ਅਪਰੈਲ—ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਬਿਆਨ ਰਾਹੀਂ ਸਮੂੰਹ ਸਿਖ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਸੰਗਤਾਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋ ਰਹੀਆਂ ਗੱਲਾਂ ਤੇ ਖ਼ਬਰਾਂ ਤੋਂ ਸੁਚੇਤ ਰਹਿਣ, ਅਤੇ ਹਰ ਹਾਲਤ ਵਿਚ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਕਾਇਮ ਰਖਣ ਦੀ ਅਪੀਲ ਕੀਤੀ। ਸੰਤ ਜੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸਿਖੀ ਦਾ ਕੇਂਦਰ ਹੈ ਅਤੇ ਹਰ ਸਿਖ ਰੋਜ਼ਾਨਾ ਅਰਦਾਸ ਵਿਚ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਦੀ ਕਾਮਨਾ ਕਰਦਾ ਹੈ, ਇਸ ਲਈ ਸਾਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਸੰਸਾਰ ਦੇ ਕੋਨੇ ਕੋਨੇ ਵਿਚ ਵਸਦੇ ਸਿਖਾਂ ਦੇ ਜਜ਼ਬਾਤਾਂ ਨੂੰ ਠੇਸ ਪੁਜੇ ਅਤੇ ਸੰਸਾਰ ਦੇ ਲੋਕ ਸਾਡੇ ਤੇ ਉਂਗਲਾਂ ਉਠਾਉਣ।

ਸੰਤ ਜੀ ਨੇ ਕਿਹਾ ਕਿ ਕੇਂਦਰੀ ਸਰਕਾਰ, 'ਧਰਮ ਯੁਧ ਮੋਰਚੇ' ਦੀ ਚੜ੍ਹਤ ਤੋਂ ਬੌਖਲਾ ਕੇ ਸਿਖਾਂ ਵਿਚ ਭਰਾ-ਮਾਰੂ ਜੰਗ ਕਰਵਾਉਣ ਦੀਆਂ ਚਾਲਾਂ ਚਲ ਰਹੀ ਹੈ ਅਤੇ ਸਿਖਾਂ ਦੀ ਰਾਜਸੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਸ਼ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੇ ਜਤਨਾਂ ਵਿਚ ਹੈ। ਅਜੀਤ, ੧੯-੪-੮੪

## ਫ਼ਿਰੋਜ਼ਪੁਰ ਵਿਚ ਪੁਲਸ ਵਲੋਂ ਫ਼ਾਇਰਿੰਗ—੬ ਹਲਾਕ

ਚੰਡੀਗੜ੍ਹ, ੨੩ ਅਪ੍ਰੈਲ (ਪੀ.ਟੀ.ਆਈ., ਯੂ.ਐਨ.ਆਈ. ਹਿੰ: ਸ: ਤੇ ਪੱਤਰ ਪ੍ਰੇਰਕ ਦੁਆਰਾ)— ਪੰਜਾਬ ਵਿਚ ਅਜ ਵਾਪਰੀਆਂ ਵਖ ਵਖ ਘਟਨਾਵਾਂ ਚਿ ੭ ਹਲਾਕ ਹੋ ਗਏ। ਇਕ ਫ਼ਿਰਕੇ ਦੇ ੬ ਵਿਅਕਤੀ ਫ਼ਿਰੋਜ਼ਪੁਰ ਵਿਚ ਕੇਂਦਰੀ ਰੀਜ਼ਰਵ ਫ਼ੋਰਸ ਵਲੋਂ ਕੀਤੀ ਗਈ ਫ਼ਾਇਰਿੰਗ ਵਿਚ ਮਾਰੇ ਗਏ।......ਇਹ ਘਟਨਾ ਅਜ ਬਾਅਦ ਦੁਪਹਿਰ ਸ਼ਹੀਦ ਊਧਮ ਸਿੰਘ ਚੌਕ ਨੇੜੇ ਬਸ ਸਟੈਂਡ ਤੇ ਵਾਪਰੀ।

**ਦੋ ਰਾਹਗੀਰ ਵੀ ਮਰੇ**—ਯੂ.ਐਨ.ਆਈ. ਨੇ ਮਰਨ ਵਾਲਿਆਂ ਵਿਚੋਂ ੪ ਨੂੰ ਅਤਿਵਾਦੀ ਤੇ ੨ ਨੂੰ ਰਾਹਗੀਰ ਕਿਹਾ ਹੈ। ੧੧ ਵਿਅਕਤੀ ਫਟੜ ਵੀ ਹੋਏ। ਇਨ੍ਹਾਂ ਵਿਚੋਂ ਇਕ ਰਿਕਸ਼ਾ-ਚਾਲਕ ਤੇ ਇਕ ਸਾਈਕਲ-ਮਕੈਨਿਕ ਸੀ। ੪ ਵਿਅਕਤੀ ਸਖ਼ਤ ਜ਼ਖ਼ਮੀ ਹਾਲਤ ਵਿਚ ਹਸਪਤਾਲ ਚਿ ਪਏ ਹਨ। ਸੀ.ਆਰ.ਪੀ. ਦੇ ਜਵਾਨਾਂ ਨੂੰ ਬਰਛੇ ਦੇ ਜ਼ਖ਼ਮ ਆਏ। ਪਹਿਲਾਂ ਬੱਸ-ਅਡੇ ਤੇ ਸੀ.ਆਰ.ਪੀ. ਨਾਲ ਬੋਲ-ਬੁਲਾਰਾ ਹੋਇਆ ਤੇ ਫਿਰ ਹਥੋ-ਪਾਈ ਹੋ ਗਈ। ੯ ਵਿਅਕਤੀ ਗ੍ਰਿਫਤਾਰ ਵੀ ਕਰ ਲਏ ਗਏ। —ਅਜੀਤ, ੨੪-੪-੮੪

## ਸੀ.ਆਰ.ਪੀ. ਦੀ ਗੋਲੀ ਨਾਲ ਦੋ ਮਰੇ, ਮ੍ਰਿਤਕ ਅੰਮ੍ਰਿਤ ਛਕਾਣ ਜਾ ਰਹੇ ਸਨ—ਸੰਤ ਜੀ

ਅੰਮ੍ਰਿਤਸਰ, ੨੩ ਅਪਰੈਲ—ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਫ਼ਾਜ਼ਿਲਕਾ ਵਿਖੇ ਅੰਮ੍ਰਿਤ ਪ੍ਰਚਾਰ ਕਰਨ ਲਈ ਜਾ ਰਹੇ ਪੰਜ ਪਿਆਰੇ ਸਾਹਿਬਾਨ ਤੇ ਉਹਨਾਂ ਨਾਲ ਪਿੰਡ ਚਿਮਨੇਵਾਲਾ ਦੀ ਸੰਗਤ ਉਤੇ ਸੀ.ਆਰ.ਪੀ.ਐਫ. ਵਲੋਂ ਕੀਤੇ ਗਏ ਤਸ਼ੱਦਦ, ਜਿਸ ਨਾਲ ਮੌਕੇ ਤੇ ਹੀ ਦੋ ਸਿੰਘ ਚਲ ਵਸੇ ਦੀ ਭਰਪੂਰ ਨਿਖੇਧੀ ਕੀਤੀ ਹੈ ਅਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਸੰਤ ਜੀ ਨੇ ਕਿਹਾ ਕਿ ਸੀ.ਆਰ.ਪੀ.ਐਫ ਨੇ ਅੰਮ੍ਰਿਤ ਛਕਾਉਣ ਵਾਲੇ ਸਿੰਘਾਂ ਤੇ ਵੀ ਹੱਥ ਚੁਕਣਾ ਸ਼ੁਰੂ ਕਰ ਦਿਤਾ ਹੈ, ਜਿਸ ਨੂੰ ਸਿਖ ਕੌਮ ਕਦਾਚਿੱਤ ਬਰਦਾਸ਼ਤ ਨਹੀਂ ਕਰੇਗੀ। ਸੰਤ ਜੀ ਨੇ ਸੀ.ਆਰ.ਪੀ. ਨੂੰ ਚਿਤਾਵਨੀ ਦਿਤੀ ਕਿ ਉਹ ਅਜਿਹੀਆਂ ਹਰਕਤਾਂ ਤੋਂ ਬਾਜ਼ ਆਏ।

ਉਪ੍ਰੋਕਤ ਘਟਨਾ ਦਾ ਵੇਰਵਾ ਦਿੰਦੇ ਹੋਏ ਜ: ਭਗਵਾਨ ਸਿੰਘ ਜੀ ਘਟਿਆਂ ਵਾਲੇ ਅਤੇ ਜ: ਗੁਰਜੰਤ ਸਿੰਘ ਚਿਮਨੇਵਾਲਾ ਨੇ ਸੰਤ ਜੀ ਨੂੰ ਦਸਿਆ ਕਿ ਜਦ ਇਕ ਟਰਾਲੀ ਵਿਚ ਪੰਜ ਪਿਆਰੇ ਸਾਹਿਬਾਨ ਪਿੰਡ ਚਿਮਨੇਵਾਲਾ ਦੀ ਸੰਗਤ ਨਾਲ ਅੰਮ੍ਰਿਤ ਛਕਾਉਣ ਲਈ ਗੁ: ਸ੍ਰੀ ਗੁਰੂ ਸਿੰਘ ਸਭਾ ਆ ਰਹੇ ਸਨ, ਤਾਂ ਰਸਤੇ ਵਿਚ ਸੀ.ਆਰ.ਪੀ.ਐਫ. ਦੇ ਨੌਜਵਾਨਾਂ ਨੇ ਪੰਜ ਪਿਆਰਿਆਂ ਪਾਸੋਂ ਕਿਰਪਾਨਾਂ ਖੋਹ ਕੇ ਸਮੂਹ ਸੰਗਤਾਂ ਦੀਆਂ ਬਾਹਾਂ ਖੜੀਆਂ ਕਰਾ ਦਿਤੀਆਂ। ਜਿਸ ਨਾਲ ਮੌਕੇ ਤੇ ਹੀ ਦੋ ਸਿੰਘ ਸ: ਗਮਦੂਰ ਸਿੰਘ ਅਤੇ ਸ: ਅਜੀਤ ਸਿੰਘ



www.AKJ.Org

# ਸੱਚਾ ਗੁਰੂ ਤੇ ਉਸ ਦਾ ਕਰਤੱਵ

[ਵਲੋਂ—ਸ: ਰ ਮ ਸਿੰਘ ਜੀ, ਅਖੰਡ ਕੀਰਤਨੀ ਜਥਾ ਯੂ. ਕੇ., ਗਰੇਵਜ਼ੈਂਡ]

ਅੱਜ ਕਲ੍ਹ ਦੇਹਧਾਰੀ ਗੁਰੂਆਂ ਦੀ ਪ੍ਰਥਾ ਬੜੇ ਜ਼ੋਰਾਂ ਤੇ ਹੈ, ਜੋ ਕਿ ਹਿੰਦੂ ਪ੍ਰਭਾਵ ਹੇਠ ਹਰ ਸਮੇਂ ਦੇਹਧਾਰੀ ਗੁਰੂ ਦੀ ਹੋਂਦ ਨੂੰ ਬੀਰ-ਪੂਜਾ (Hero-Worship) ਦੇ ਵਿਚਾਰ ਅਧੀਨ ਜਾਰੀ ਰੱਖਣ ਦੀ ਭੇਡ਼ੀ ਵਾਦੀ ਤੇ ਨਕਲ ਦਾ ਸਿੱਟਾ ਹੈ। ਇਸ ਪ੍ਰਥਾ ਨੇ ਸੱਚੇ ਗੁਰੂ ਦੇ ਉੱਚ ਔਜੀ ਮਿਸ਼ਨ, ਕਰਤਵ ਤੇ ਬਖਸ਼ਿਸ਼ਾਂ ਨੂੰ ਦਰਸਾਉਣ ਹਿਤ ਇਸ ਸੰਸਾਰ ਵਿਚ ਵਾਹਿਗੁਰੂ ਨਿਜ ਰੂਪ ਵਲੋਂ ਦਸਾਂ ਪਾਤਸ਼ਹੀਆਂ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਰੂਪ ਵਿਚ ਇਸ ਧਰਤੀ ਨੂੰ ਭਾਗ ਲਾਉਂਦੇ ਸਮੇਂ ਤੋਂ ਲੈ ਕੇ ਖਾਸ ਕਰਕੇ ਜੋ ਪੰਜਾਬ ਵਿਚ ਕੀਤਾ ਹੈ, ਉਸਦਾ ਇਸ ਭਾਗਾਂ ਭਰੀ ਧਰਤੀ ਨੂੰ ਕੋਈ ਫਾਇਦਾ ਨਹੀਂ, ਸਗੋਂ ਨੁਕਸਾਨ ਹੀ ਹੋਇਆ ਹੈ। ਇਨ੍ਹਾਂ ਦੇਹਧਾਰੀ ਪ੍ਰਥਾਵਾਂ ਨੂੰ ਦੋ, ਇਕ ਦੂਜੇ ਤੋਂ ਉਲਟ ਭਾਵੀ ਵਿਚਾਰਾਂ ਦੇ ਮਾਲਕਾਂ ਦਾ ਸਹਾਰਾ ਰਿਹਾ ਹੈ। ਇਕ ਗਿਆਨ ਰਹਿਤ ਆਮ ਜਨਤਾ, ਜਿਨ੍ਹਾਂ ਨੂੰ ਆਪਣੇ ਜੀਵਨ ਦੇ ਹਰ ਪਾਸੇ ਖਿਲਰੇ ਅੰਨ੍ਹੇਰੇ ਲਈ ਕਿਸੇ ਨਾ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ। ਦੂਸਰੇ ਸਰਕਾਰੀ ਸੱਤਾ, ਜਿਸ ਨੂੰ ਸੱਚ ਦੇ ਉਪਾਸ਼ਕਾਂ, ਸੱਚ ਤੇ ਮਰ ਮਿਟਣ ਤੇ ਆਮ ਜਨਤਾ ਨੂੰ ਜੀਵਨ ਦੀ ਅਸਲੀ ਸੇਧ ਦੇਣ ਦੀ ਸ਼ਕਤੀ ਰੱਖਣ ਵ ਲਿਆਂ ਵਲੋਂ ਆਪਣੇ ਆਪ ਨੂੰ ਖ਼ਤਰਾ ਹੁੰਦਾ ਹੈ। ਉਹ ਐਸੇ ਹੱਥ-ਠੋਕੇ ਦੇਹਧਾਰੀ ਗੁਰੂਆਂ ਜਾਂ ਆਗੂਆਂ ਦੀ ਸ਼ਕਲ ਵਿਚ ਆਪਣਾ ਇਕ ਚੰਗਾ ਹਥਿਆਰ ਸਮਝ ਕੇ ਉਨ੍ਹਾਂ ਦੀ ਪਾਲਪੋਸ਼ਨਾ ਕਰਦੀ ਹੈ।

ਗਿਆਨ ਰਹਿਤ ਗਰੀਬ ਜਨਤਾ ਕੋਲ ਆਪਣਾ ਆਗੂ ਜਾਂ ਗੁਰੂ ਲੱਭਣ ਜਾਂ ਚੁਣਨ ਲਈ ਕੋਈ ਯੋਗਤਾ ਅਤੇ ਸਮਰਥਾ ਨਾ ਹੋਣ ਕਰਕੇ ਉਹ ਤਾਂ ਹਰ ਵੇਲੇ ਤਿਆਰ ਹੁੰਦੇ ਹਨ ਕਿ ਕੋਈ ਆ ਕੇ ਉਨ੍ਹਾਂ ਦਾ ਆਗੂ ਜਾ ਗੁਰੂ ਬਣੇ। ਇਥੇ ਇਹ ਕਹਿਣਾ ਠੀਕ ਹੋਵੇਗਾ ਕਿ ਇਸ ਵਰਗ ਵਿਚ ਲੁਟਾਉਣ ਵਾਲਿਆਂ ਦੀ ਕੋਈ ਕਮੀ ਨਹੀਂ, ਲੁਟਣ ਵਾਲਿਆਂ ਦੀ ਕਮੀ ਹੈ। ਸੋ ਇਹ ਵਰਗ ਹਰ ਸਮੇਂ ਲੁੱਟ ਹੋਣ ਲਈ ਤਿਆਰ ਬਰ ਤਿਆਰ ਰਹਿੰਦਾ ਹੈ ਤੇ ਇਸ ਵਰਗ ਦੀ ਇਸ ਭਾਵਨਾ ਨੂੰ ਦੇਖ ਕੇ ਲੁੱਟਣ ਵਾਲੇ ਭੱਦਰ ਪੁਰਸ਼ ਭੀ ਅੱਜ ਕਲ੍ਹ ਸਿਆਣੇ ਹੋ ਗਏ ਹਨ ਤੇ ਉਹ ਕੁਝ ਚੇਲੇ ਚਪਾਟੇ ਮਗਰ ਲਾ ਕੇ ਆਪਣੀ ਗੁਰਤਾ ਦਾ ਹੋਕਾ ਦੇ ਦਿੰਦੇ ਹਨ, ਜਿਸ ਨਾਲ ਉਨ੍ਹਾਂ ਮਗਰ ਲੱਖਾਂ ਦੀ ਗਿਣਤੀ ਵਿਚ ਭੀੜ ਆ ਲਗਦੀ ਹੈ। ਸਰਕਾਰੀ ਸੱਤਾ ਇਸ ਚਲ ਰਹੇ ਪ੍ਰਪੰਚ ਦੀ ਖਾਸ ਕਰਕੇ ਵਰਤੋਂ ਕਰਕੇ ਜਿੰਨੇ ਵੱਧ ਤੋਂ ਵੱਧ ਡੇਰੇ ਇਨ੍ਹਾਂ ਦੇ ਹੱਥ ਆਉਂਦੇ ਹਨ, ਉਨ੍ਹਾਂ ਦੀ ਸਿੱਖੀ ਸੇਵਕੀ ਦੀ ਹਾਮੀ ਭਰਦੀ ਹੈ, ਤਾਕਿ ਇਨ੍ਹਾਂ ਕਮਜ਼ੋਰ ਦਿਲ ਆਗੂਆਂ (ਅਖੌਤੀ ਗੁਰੂਆਂ) ਰਾਹੀਂ ਵੱਧ ਤੋਂ ਵੱਧ ਜਨਤਾ ਨੂੰ ਆਪਣੇ ਵੱਸ ਵਿਚ ਕਰ ਕੇ ਆਪਣੀ ਮਨ-ਮਰਜ਼ੀ ਦੇ ਕੰਮ ਕਰ ਸਕੇ ਤੇ ਜਨਤਾ ਦੀ ਭਲਾਈ ਨੂੰ ਛਿੱਕੇ ਤੇ ਟੰਗ ਕੇ ਆਪਣਾ ਹਲਵਾ ਮੰਡਾ ਚਲਾ ਕੇ ਆਪਣੀ ਹਰ ਤਰ੍ਹਾਂ ਐਸ਼ ਕਰ ਸਕੇ। ਇਹ ਦੋਨੋਂ ਵਰਗ ਅੱਜ ਫਿਰ ਇਸ ਮਹਾਨ ਪਵਿੱਤਰ ਧਰਤੀ ਪੰਜਾਬ ਨੂੰ, ਜਿਸ ਨੇ ਦਸੋ ਗੁਰੂ ਸਾਹਿਬਾਨ ਤੋਂ

---

ਮਾਰੇ ਗਏ। ਬਹੁਤ ਸਾਰੇ ਸਿੰਘ ਗੋਲੀਆਂ ਲਗਣ ਨਾਲ ਫੱਟੜ ਹੋ ਗਏ। ਇਕ ਸਿੰਘ ਦਰਸ਼ਨ ਸਿੰਘ, ਜਿਸਦੀ ਲਤ ਵਿਚ ਗੋਲੀ ਲੱਗੀ, ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਜਿਸਨੂੰ ਹਸਪਤਾਲ ਵਿਖੇ ਦਾਖਲ ਕਰਵਾ ਦਿਤਾ ਗਿਆ। ਇਸ ਘਟਨਾ ਤੇ ਸਿਖ-ਜਗਤ ਵਿਚ ਬੜਾ ਰੋਸ ਪਾਇਆ ਜਾ ਰਿਹਾ ਹੈ। ਜ: ਸੁਚਾ ਸਿੰਘ ਛੋਟੇਪੁਰ, ਸ: ਮਲਕੀਅਤ ਸਿੰਘ ਬਰਾੜ, ਸ: ਇਕਬਾਲ ਸਿੰਘ ਲਾਧੜਾ, ਸ: ਗੁਰਮਤ ਸਿੰਘ 'ਮਾਨ' ਅਤੇ ਜ: ਭਰਪੂਰ ਸਿੰਘ 'ਜੱਲਾ' ਨੇ ਇਕ ਸਾਂਝੇ ਬਿਆਨ ਵਿਚ ਸੀ.ਆਰ.ਪੀ.ਐਫ. ਵਲੋਂ ਫਾਜ਼ਿਲਕਾ ਵਿਖੇ ਅੰਮ੍ਰਿਤ ਛਕਾਉਣ ਜਾ ਰਹੇ ਪੰਜ ਪਿਆਰਿਆਂ ਤੇ ਗੋਲੀ ਚਲਾਉਣ ਦੀ ਸਖਤ ਨਿਖੇਧੀ ਕੀਤੀ ਹੈ। ਉਪਰੋਕਤ ਨੇਤਾਵਾਂ ਨੇ ਇਸ ਗੋਲੀ ਕਾਂਡ ਵਿਚ ਸਿੰਘਾਂ ਦੇ ਪਰਿਵਾਰਾਂ ਨਾਲ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਸੀ.ਆਰ.ਪੀ.ਐਫ ਨੂੰ ਚੇਤਾਵਨੀ ਦਿਤੀ ਕਿ, ਉਹ ਅਜਿਹੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਏ। ਅਜੀਤ, ੨੪-੪-੮੪



www.AKJ.Org

ਲੈ ਕੇ ਅੱਜ ਤਕ ਪੰਜਾਬ ਦੀ ਹੀ ਨਹੀਂ, ਸਾਰੇ ਭਾਰਤ ਦੀ ਕਲਿਆਣ ਕੀਤੀ, ਘਟੇ ਵਿਚ ਰੋਲਣ ਲੱਗੇ ਹੋਏ ਹਨ। ਅਗਿਆਨੀ ਵਰਗ ਤਾਂ ਲਾਈਲੱਗ ਹੀ ਹੁੰਦਾ ਹੈ, ਪਰ ਰਾਜ-ਸੱਤਾ ਵਾਲਾ ਵਰਗ ਹਰ ਤਰ੍ਹਾਂ ਦੀ ਸੋਝੀ ਹੁੰਦਿਆਂ ਆਪਣੀ ਕੁਛ ਦਿਨਾਂ ਦੀ ਚਾਂਦੀ ਬਣਾਉਣ ਹਿੱਤ ਦੇਸ਼ ਤੇ ਕੌਮ ਦਾ ਇਤਨਾ ਨੁਕਸਾਨ ਕਰ ਸੁੱਟਦਾ ਹੈ, ਜੋ ਸਦੀਆਂ ਤੱਕ ਭੀ ਪੂਰਾ ਨਹੀਂ ਹੋ ਸਕਦਾ। ਖ਼ੈਰ, ਮਤਲਬ ਇਸ ਸਾਰੀ ਦਲੀਲ ਦਾ ਇਹ ਹੈ ਕਿ ਇਹ ਦੋਨੋਂ ਵਰਗ ਹਰ ਇਕ ਨੂੰ ਸੱਚੇ ਰਹਿਬਰ, ਸੱਚੇ ਗੁਰੂ ਤੋਂ ਹਜ਼ਾਰਾਂ ਮੀਲ ਦੂਰ ਲਿਜਾ ਕੇ ਤੇ ਮੂਲ ਨਾਲੋਂ ਤੋੜ ਕੇ, ਡਾਲੀ ਨਾਲ ਲਗਾ ਕੇ ਲੋਕਾਂ ਨੂੰ ਪ੍ਰਮਾਰਥ ਪੱਖੋਂ ਖਾਸ ਕਰਕੇ, ਤੇ ਦੁਨਿਆਵੀ ਪੱਖੋਂ ਆਮ ਕਰਕੇ, ਕਦੇ ਨਾ ਪੂਰਾ ਹੋਣ ਵਾਲਾ ਨੁਕਸਾਨ ਪੁਚਾਈ ਜਾ ਰਹੇ ਹਨ।

ਹਿੰਦੂਆਂ ਵਿਚ ਤਾਂ ਇਹ ਦੇਹਧਾਰੀ ਗੁਰੂ ਬਨਾਉਣ ਦੀ ਪ੍ਰਥਾ ਸਦਾ ਤੋਂ ਹੈ ਤੇ ਚਲਦੀ ਰਹੇਗੀ, ਕਿਉਂਕਿ ਉਹ ਇਕ ਰੱਬ ਦੀ ਉਪਾਸ਼ਨਾ ਸਿੱਧੇ ਤਰੀਕੇ ਨਾਲ ਨਹੀਂ ਕਰਦੇ। ਉਹ ਦੇਵੀ-ਦੇਵਤਿਆਂ, ਅਵਤਾਰਾਂ ਆਦਿ ਵਿਚ ਰੱਬ ਜੀ ਨੂੰ ਦ੍ਰਿਸ਼ਟਮਾਨ ਸਮਝ ਕੇ ਉਨ੍ਹਾਂ ਦੇ ਬੁੱਤਾਂ, ਉਨ੍ਹਾਂ ਦੀਆਂ ਮੂਰਤੀਆਂ ਆਦਿ ਅੱਗੇ ਮੱਥੇ ਟੇਕਦੇ ਹਨ ਤੇ ਜੁਦੇ ਜੁਦੇ ਅਵਤਾਰਾਂ ਆਦਿ ਦੀ ਉਪਾਸ਼ਨਾ ਜੁਦੇ ਜੁਦੇ ਮੌਕੇ ਤੇ ਦੇਹਧਾਰੀ ਗੁਰੂ ਰਾਹੀਂ ਕਰਦੇ ਹਨ। ਸਿੱਖ ਲੋਕ ਮੁਸਲਮਾਨ, ਈਸਾਈ ਯਹੂਦੀਆਂ ਵਾਂਗ ਇਕ ਰੱਬ ਨੂੰ ਮੰਨਦੇ ਹਨ ਤੇ ਉਨ੍ਹਾਂ ਵਾਂਗ ਹੀ ਮੂਰਤੀ-ਪੂਜਕ ਨਹੀਂ। ਅਤੇ ਰੱਬੀ ਸਰੂਪ ਵਲੋਂ 'ਰੱਬੀ ਰੂਪ-ਰੇਖਾ ਅਨੁਸਾਰ ਅਵਤਰੇ ਰਹਿਬਰਾਂ ਭਾਵ, ਦਸਾਂ ਗੁਰੂ ਸਾਹਿਬਾਨ ਤੋਂ ਬਾਅਦ ਕਿਸੇ ਹੋਰ ਦੇਹਧਾਰੀ ਗੁਰੂ ਹੋਣ ਦੀ ਪ੍ਰਥਾ ਵਿਚ ਵਿਸ਼ਵਾਸ ਨਹੀਂ ਰੱਖਦੇ। ਭਾਵ, ਇਕ ਖ਼ਾਸ ਮਿਸ਼ਨ ਨੂੰ ਪ੍ਰਚਾਰਨ, ਪ੍ਰਫੁਲਤ ਕਰਨ ਤੇ ਉਸ ਮਿਸ਼ਨ ਨੂੰ ਮੰਨਣਹਾਰਿਆਂ ਨੂੰ ਅੰਤ ਆਪਣਾ ਰੂਪ ਪ੍ਰਦਾਨ ਕਰਨ ਆਏ ਗੁਰੂ ਨਾਨਕ—ਗੁਰ ਦਸਮੇਸ਼ ਤੋਂ ਬਾਅਦ ਸਿੱਖ ਹੋਸ ਕਿਸੇ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਗੁਰੂ ਹੁਕਮਾਂ ਅਨੁਸਾਰ ਹੀ ਨਹੀਂ ਰੱਖਦੇ। ਇਸ ਵਿਚ ਕਿਸੇ ਦਾ ਕੋਈ ਸਵਾਰਥ ਆਦਿ ਹੋਣ ਦਾ ਸਵਾਲ ਹੀ ਨਹੀਂ ਉਠਦਾ, ਜਦ ਕਿ ਦੇਹਧਾਰੀ ਗੁਰੂ ਬਣਨ, ਬਨਾਉਣ ਵਿਚ ਹਉਮੈ ਨੂੰ ਪੱਠੇ ਪਾਉਣ ਤੇ ਪਵਾਉਣ ਦਾ ਸਿੱਧਾ ਸਵਾਰਥ ਨਜ਼ਰ ਆ ਜਾਂਦਾ ਹੈ।

ਸੱਚੇ ਗੁਰੂ ਨੇ ਤਾਂ ਲੋਕਾਂ ਦੇ ਸਵਾਰਥ ਆਪਣਾ ਬਲੀਦਾਨ ਤਕ ਭੀ ਦੇ ਕੇ ਪੂਰੇ ਕਰਨੇ ਹੋਏ ਤੇ ਕੀਤੇ ਹਨ। ਜੇ ਸੱਚੇ ਗੁਰੂ ਨੂੰ ਸੱਚ ਦਾ ਨਾਅਰਾ ਮਾਰਦਿਆਂ ਤੇ ਕਿਸੇ ਹੋਰ ਧਰਮ ਦੀ ਰੱਖਿਆ ਕਰਦਿਆਂ ਟਕੇ ਵਿਚ ਵਿਕਣਾ ਪਿਆ, ਚੱਕੀ ਦੀ ਮੁਸ਼ੱਕਤ ਝਲਣੀ ਪਈ, ਪੱਥਰਾਂ ਦੀ ਮਾਰ ਖਾਣੀ ਪਈ, ਤੱਤੀ ਤਵੀ ਤੇ ਚੌਕੜਾ ਮਾਰਨਾ ਪਿਆ, ਦੇਗ ਵਿਚ ਉਬਾਲੇ ਖਾਣੇ ਪਏ, ਚਾਂਦਨੀ ਚੌਕ ਵਿਚ ਸੀਸ ਵਾਰਨਾ ਪਿਆ ਤਾਂ ਇਹ ਸਭ ਕੁਛ ਕਿਸੇ ਲਈ ਹੱਸ ਹੱਸ ਕੇ ਕਰ ਦਿਤਾ ਤੇ ਅੱਜ ਭੀ ਸੱਚਾ ਗੁਰੂ ਐਸੇ ਅਤਿਆਚਾਰਾਂ ਦਾ ਸ਼ਿਕਾਰ ਹੈ। ਸੱਚੇ ਗੁਰੂ ਦੇ ਇਕੱਲੇ ਇਕੱਲੇ ਪਤਰੇ ਕਰਕੇ ਪਾਠ ਕੀਤਾ ਜਾਂਦਾ ਹੈ, ਸੱਚੇ ਗੁਰੂ ਨੂੰ ਕਈ ਥਾਵਾਂ ਤੇ ਸਾੜਨ ਦਾ ਯਤਨ ਕੀਤਾ ਗਿਆ, ਸੱਚੇ ਗੁਰੂ ਦੇ ਵਡਮੁਲੇ ਵਚਨ ਚੋਰੀ ਕਰ ਕੇ ਆਪਣਾ ਗੁਰੂ-ਡੰਮ ਚਲਾਇਆ ਜਾਂਦਾ ਹੈ ਤੇ ਨਾਲ ਹੀ ਇਹ ਕਿਹਾ ਜਾਂਦਾ ਹੈ ਕਿ ਸ਼ਬਦ ਦੀ ਰੀਤ ਦਾ ਅੱਜ ਤੋਂ ਪਹਿਲਾਂ ਕਿਸੇ ਨੂੰ ਨਹੀਂ ਸੀ ਪਤਾ, ਜਦ ਕਿ ਸੱਚਾ ਗੁਰੂ ਹਰ ਬਚਨ ਵਿਚ ਸ਼ਬਦ ਤੇ ਸ਼ਬਦ ਦੀ ਕਮਾਈ ਤੇ ਜ਼ੋਰ ਦਿੰਦਾ ਹੈ। ਜੋ ਸ਼ਬਦ ਦੀ ਕਮਾਈ ਤੇ ਜ਼ੋਰ ਦਿੰਦਾ ਹੋਵੇ, ਕੀ ਉਸ ਨੂੰ ਸ਼ਬਦ ਦਾ ਹੀ ਨਹੀਂ ਪਤਾ ਕਿ ਕਿਹੜਾ ਸ਼ਬਦ (ਨਾਮ) ਹੈ, ਜਿਸ ਨੂੰ ਜਪ, ਸਿਮਰ, ਧਿਆ, ਹਿਰਦੇ ਵਿਚ ਵਸਾ ਤੇ 'ਸ਼ਬਦ-ਸੁਰਤ' ਦੀ ਖੇਡ ਬਣਾ 'ਸੰਸਾਰ ਰੋਗੀ' ਦਾ 'ਨਾਮ ਦਾਰੂ' ਰਾਹੀਂ ਪਾਰ ਉਤਾਰਾ ਹੋਣਾ ਹੈ। ਇਸ ਤਰ੍ਹਾਂ ਦੀ ਗੁਰਬਾਣੀ ਦੀ ਚੋਰੀ ਤੇ ਸੰਨ੍ਹ ਤਾਂ ਕਿਸੇ ਨੂੰ ਜਿਸਮਾਨੀ ਹਾਨੀ ਦੇਣ ਨਾਲੋਂ ਭੀ ਜ਼ਿਆਦਾ ਖ਼ਤਰਨਾਕ ਹੈ। ਪਰ ਇਸ ਦਾ ਮੁੱਲ ਉਤਾਰਨਾ ਇਸ ਤੋਂ ਭੀ ਮਹਿੰਗਾ ਹੈ, ਕਿਉਂਕਿ ਸੱਚੇ ਗੁਰੂ ਨੂੰ ਮੁੱਲ ਵੇਚ ਕੇ, ਚੱਕੀ ਪਿਹਾ ਕੇ, ਤੱਤੀ ਤਵੀ ਤੇ ਬਿਠਾ ਕੇ, ਦੇਗ ਵਿਚ ਉਬਾਲ ਕੇ, ਚਾਂਦਨੀ ਚੌਕ ਵਿਚ ਸ਼ਹੀਦ ਕਰ ਕੇ, ਉਨ੍ਹਾਂ ਇਸ ਸੱਚ ਨੂੰ ਫਾਂਸੀ ਦੇ ਐਸੇ ਝੂਟੇ ਦੇਣ ਵਾਲਿਆਂ ਦਾ ਖੁਰਾ ਖੋਜ ਹੀ ਮਿਟ ਗਿਆ ਤਾਂ, ਇਨ੍ਹਾਂ ਸ਼ਬਦ ਅਵਤਾਰ ਸੱਚੇ ਤੇ ਜੁਗੋ ਜੁਗ ਅਟੱਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਤਰ੍ਹਾਂ ਜਾਂ ਢੰਗ ਨਾਲ



www.AKJ.Org

ਭੀ ਨਿਰਾਦਰੀ ਕਰਨ ਵਾਲਿਆਂ ਨੂੰ ਭੀ ਉਸ ਤਰ੍ਹਾਂ ਦੇ ਹਸ਼ਰ ਲਈ ਤਿਆਰ ਰਹਿਣਾ ਚਾਹੀਦਾ ਹੈ। ਇਨ੍ਹਾਂ ਨਿਰਾਦਰੀ ਕਰਨ ਵਾਲਿਆਂ ਵਿਚੋਂ ਸੂਕਾਰੀ ਨਿਗਰਾਨੀ ਹੇਠ ਪਲ ਰਹੇ ਇਕ ਕੱਚੇ ਪਿੱਚੇ ਦਾ ਹਸ਼ਰ ਤਾਂ ਸਭ ਦੇ ਸਾਮ੍ਹਣੇ ਹੀ ਹੈ। ਗੁਰੂ ਨੇ ਇਹ ਕਲਾ ਵਰਤਾਉਣੀ ਹੀ ਸੀ ਤੇ ਵਰਤਾਉਂਦੇ ਰਹਿਣਗੇ, ਕਿਉਂਕਿ ਜਦ ਕਿਸੇ ਵਲੋਂ ਅਤਿ ਦੀ ਨਿਰਾਦਰੀ ਹੋਣੀ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਲਈ ਗੁਰੂ ਆਪ ਹੀ ਐਸਾ ਹੀਲਾ ਬਹਾਨਾ ਬਣਾ ਦਿੰਦਾ ਹੈ, ਸਿਖ ਵਿਚਾਰਾ ਤਾਂ ਗੁਰੂ ਦਾ 'ਮੁੱਲ ਖਰੀਦੀ ਲਾਲਾ ਗੋਲਾ' ਹੀ ਹੈ।

ਸਿੱਖੀ ਸਿਧਾਂਤ, ਜਿਸ ਵਿਚ ਦਸਮ ਪਿਤਾ ਨੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਖ਼ਤਮ ਕਰ ਕੇ ਕੇਵਲ ਕਮਾਈ ਵਾਲੇ ਪੰਜਾਂ ਪਿਆਰਿਆਂ ਨੂੰ ਜੁਗੋ ਜੁਗ ਅਟੱਲ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ "ਖਾਲਸਾ ਮੇਰਾ ਸਤਿਗੁਰੂ ਪੂਰਾ" ਥਾਪ ਦਿੱਤਾ, ਉਸ ਵਿਚ ਮੁੜ ਦੇਹਧਾਰੀ ਗੁਰੂ ਦੀ ਟੰਗ ਅੜਾਉਣ ਦੀਆਂ ਹੁੱਜਤਾਂ ਭੀ ਬੜੇ ਨਿਰਾਲੇ ਢੰਗ ਨਾਲ ਕੀਤੀਆਂ ਜਾਂਦੀਆਂ ਹਨ। ਸਭ ਤੋਂ ਵੱਡੀ ਹਾਸੋ ਹੀਣੀ, ਬਬਰ ਸ਼ੇਰ ਨੂੰ ਗਿੱਦੜਾਂ ਤੋਂ ਭੀ ਭੈੜਾ, ਬਾਜ ਨੂੰ ਚਿੜੀਆਂ ਤੋਂ ਭੀ ਮਾੜਾ, ਗੀਦੀ, ਹੀਜੜਾ ਬਨਾਉਣ ਵਾਲੀ ਦਲੀਲ ਦਸਮ ਪਿਤਾ ਤੇ ਲਾਗੂ ਕਰ ਕੇ ਇਹ ਲੋਕ ਇਕ ਸਾਧਾਰਨ ਜਹੇ ਮਨੁੱਖ ਨੂੰ 'ਹਿੰਦ ਦੀ ਚਾਦਰ' ਦੀ ਪਦਵੀ ਵਾਲੀ ਗੁਰ-ਗੱਦੀ ਦੇਣ ਲਈ ਵਰਤਦੇ ਹਨ। ਐਸੀ ਨਿਕੰਮੀ ਤੇ ਬੇ-ਬੁਨਿਆਦ ਦਲੀਲ ਦੇਣ ਵਾਲੇ ਹੋਰ ਕਿਹੜੀ ਕਿਹੜੀ ਦਲੀਲ ਨਹੀਂ ਘੜ ਸਕਦੇ। ਇਹ ਆਪਣਾ ਤੇ ਆਪਣੇ ਅਖੌਤੀ ਗੁਰੂ ਦਾ ਹਲਵਾ ਮੰਡਾ ਚਲਾਉਣ ਲਈ ਤੇ ਆਮ ਜਨਤਾ ਨੂੰ ਗੁਮਰਾਹ ਕਰਨ ਲਈ ਐਸੀਆਂ ਸੈਂਕੜੇ ਦਲੀਲਾਂ ਘੜਨ ਤੋਂ ਸੰਕੋਚ ਨਹੀਂ ਕਰ ਸਕਦੇ। ਆਓ ਦੇਖੀਏ, ਕਿਹੜੇ ਸ਼ੇਰ ਗੁਰੂ ਨੂੰ ਇਹ ੯੦ (ਨਵੇ) ਸਾਲ ਗਿੱਦੜਾਂ ਵਾਂਗ ਜੰਗਲਾਂ ਪਹਾੜਾਂ ਵਿਚ ਲੁਕਦਾ ਫਿਰਦਾ ਦੱਸਦੇ ਹਨ। ਕੀ ਇਸ ਮਹਾਨ ਬਲੀ ਗੁਰੂ ਨੇ ਕਦੀ ਇਹ ਸ਼ਬਦ ਭੀ ਉਚਾਰਿਆ ਸੀ, ਜੋ ਅੱਜ ਸਿੱਖ ਕੌਮ ਦਾ ਕੌਮੀ ਗੀਤ ਹੈ ?

"ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰੋਂ।
ਨ ਡਰੋਂ ਅਰ ਸੇ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖਹੋਂ ਅਪਨੇ ਹੀ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਧਾਨ ਬਨੈ ਅਤਿ ਹੀ ਰਨ ਮੈਂ ਤਬ ਜੂਝ ਮਰੋਂ।"

ਇਸ ਮਹਾਨ ਮੁਖਵਾਕ ਰਾਹੀਂ ਗੁਰੂ ਸਾਹਿਬ ਤਾਂ ਦੇ ਅੰਤ ਸਮੇਂ ਰਨ ਵਿਚ ਜੂਝ ਕੇ ਮਰਨ ਨੂੰ ਕਹਿੰਦੇ ਹਨ ਜਿਵੇਂ ਕਿ ਉਨ੍ਹਾਂ ਨੇ ਕੀਤਾ, ਪਰ ਇਹ ਭੱਦਰ ਪੁਰਸ਼ ਉਨ੍ਹਾਂ ਨੂੰ ੯੦ ਸਾਲ, ਮਹਾਰਾਜਾ ਰਣਜੀਤ ਸਿੰਘ ਦੇ ਬਾਰ੍ਹਾਂ ਮਿਸਲਾਂ ਨੂੰ ਇਕੱਠਾ ਕਰ ਕੇ ਸਿੱਖ ਰਾਜ ਕਾਇਮ ਕਰਨ ਦੇ ਸਮੇਂ ਤੋਂ ਇਕ ਸਾਲ ਪਹਿਲਾਂ ਤਕ, ਆਪਣਾ ਨਾਮ ਬਦਲ ਕੇ ਧੱਕੇ ਖਾਂਦਿਆਂ ਫਿਰਦਿਆਂ ਨੂੰ ਦੱਸਦੇ ਹਨ। ਜਦ ਕਿ ਉਸ ਸਮੇਂ ਦੇ ਦੌਰਾਨ ਬੰਦਾ ਬਹਾਦਰ ਤੇ ਸਿੰਘਾਂ ਉਤੇ ਭਾਰੀ ਜ਼ੁਲਮਾਂ, ਛੋਟੇ ਤੇ ਵੱਡੇ ਘੱਲੂਘਾਰਿਆਂ ਦਾ ਸਮਾਂ ਸੀ। ਅਜੀਂ ਸਿੱਖ ਤਾਂ ਐਸੇ ਗੁਰੂ ਨੂੰ ਗੁਰੂ ਹੀ ਨਹੀਂ ਮੰਨਦੇ, ਜੋ ਆਪਣੇ ਸਿੱਖਾਂ ਤੇ ਪਈ ਭਾਰੀ ਬਿਪਤਾ ਨੂੰ ਦੇਖ ਕੇ ਆਪਣੇ ਉਚਾਰੇ ਮੁਖਵਾਕ "ਅਤਿ ਹੀ ਰਨ ਮੈਂ ਤਬ ਜੂਝ ਮਰੋਂ" ਦਾ ਪਾਲਣਾ ਨਾ ਕਰੇ ਤੇ ਨਾਂ ਬਦਲ ਕੇ ਲੁਕਦਾ ਫਿਰੇ।

ਸਾਡੇ ਬਾਪੂ ਦਸਮ ਪਿਤਾ ਨੇ ਆਪਣੇ ਖਾਲਸੇ ਨੂੰ ਸਦਾ ਆਪਣੀ ਜਾਨ ਨਾਲੋਂ ਭੀ ਪਿਆਰਾ ਸਮਝਿਆ ਹੈ ਤੇ ਸਭ ਨੂੰ ਪਤਾ ਹੈ ਕਿ ਉਹ ਚਮਕੌਰ ਦੀ ਗੜ੍ਹੀ ਵਿਚੋਂ ਆਪਣੇ ਖਾਲਸੇ (ਗੁਰੂ ਖਾਲਸੇ) ਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦੇ, ਪਰ ਫਿਰ ਗੁਰੂ ਖਾਲਸੇ ਦਾ ਹੁਕਮ ਭੀ ਨਹੀਂ ਮੋੜਿਆ। ਭਾਵ, ਉਸ ਮਹਾਨ ਗੁਰੂ, ਜਿਸ ਦਾ ਅੱਜ ਤਕ ਨਾ ਕੋਈ ਸਾਨੀ ਹੋਇਆ ਤੇ ਨਾ ਕਦੇ ਹੋ ਸਕੇਗਾ, ਨੇ ਕਦੇ ਭੀ ਆਪਣੇ ਗੁਰੂ ਖਾਲਸੇ ਨੂੰ ਪਿੱਠ ਨਹੀਂ ਦਿੱਤੀ ਅਤੇ ਅੰਗ ਸੰਗ ਹੋ ਕੇ ਖਾਲਸੇ ਤੋਂ ਉਹ ਉਹ ਕੰਮ ਕਰਵਾਏ, ਜੋ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਹੋਏ ਹਨ। ਸੋ ਇਹ ੯੦ ਸਾਲ ਨਾਮ ਬਦਲ ਕੇ ਲੁਕੇ ਫਿਰਦੇ ਰਹਿਣ ਵਾਲੀ ਦਲੀਲ ਬੱਚਿਆਂ ਵਾਂਗ ਰੇਤ ਦਾ ਕਿਲ੍ਹਾ ਬਨਾਉਣ ਤੁੱਲ ਹੈ। ਅੰਗ ਸੰਗ ਰਹਿਣ ਵਾਲਾ ਗੁਰੂ ਲੁਕ ਨਹੀਂ ਸਕਦਾ। ਖਾਲਸਾ


www.AKJ.Org

ਐਸੇ ਗੁਰੂ ਨੂੰ ਆਪਣੇ ਅੰਗ ਸੰਗ ਸਮਝ ਕੇ ਆਪਣੇ ਆਪ ਨੂੰ ਸਵਾ ਸਵਾ ਲੱਖ ਸਮਝਦਾ ਹੈ, ਪਰ ਗੁਰੂ ਤੋਂ ਬਿਨਾਂ ਆਪਣੇ ਆਪ ਨੂੰ ਸਿਫ਼ਰ ਸਮਝਦਾ ਹੈ, ਕਿਉਂਕਿ ਗੁਰੂ ਦਾ ਖਾਲਸੇ ਨੂੰ ਵਿਸ਼ਵਾਸ ਦਿਵਾਇਆ ਹੋਇਆ ਹੈ–

"ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈ ਸਾਰਾ॥"

ਇਹ ਪੁਰਸ਼ ਗੁਰੂ, ਭਾਵ ਦੇਹਧਾਰੀ ਗੁਰੂ ਨੂੰ ਪ੍ਰਚਲਤ ਰਖਣ ਲਈ ਕੋਈ ਸਵਾਲ ਕਰਦਾ ਹੈ ਕਿ "ਗੁਰੂ ਨਾਨਕ-ਗੁਰੂ ਦਸਮੇਸ਼ ਜੀ ਦੇ ਦੇਹਧਾਰੀ ਸਰੂਪ ਵਿਚ ਹੁੰਦਿਆਂ 'ਸ਼ਬਦ' ਦੀ ਕੀ ਪੁਜ਼ੀਸ਼ਨ ਸੀ ?" ਤੇ ਕੋਈ ਕਹਿੰਦਾ ਹੈ ਕਿ 'ਅੱਜ ਤੋਂ ਪਹਿਲਾਂ ਸ਼ਬਦ ਦੀ ਰੀਤ ਦਾ ਹੀ ਕਿਸੇ ਨੂੰ ਪਤਾ ਨਹੀਂ ਸੀ।' ਇਹ ਨਿਗੁਰੇ ਲੋਕ ਇਸ ਤਰ੍ਹਾਂ ਦੇ ਅਗਿਆਨਤਾ ਭਰੇ ਸਵਾਲ ਕਰਦੇ ਹੀ ਰਹਿਣਗੇ ਜਾ ਵਿਚਾਰ ਪੇਸ਼ ਕਰਦੇ ਹੀ ਰਹਿਣਗੇ। ਇਨ੍ਹਾਂ ਦੇ ਗਿਆਤ ਲਈ ਦਸਣਾ ਠੀਕ ਹੋਵੇਗਾ ਕਿ ਸ਼ਬਦ ਦੀ ਪੁਜ਼ੀਸ਼ਨ ਜਾਂ ਰੀਤ ਸਦਾ ਇਕ ਹੀ ਰਹੀ ਹੈ ਤੇ ਰਹੇਗੀ। ਦਸਾਂ ਗੁਰੂ ਸਾਹਿਬਾਨ ਤੋਂ ਪਹਿਲਾਂ ਭੀ ਸ਼ਬਦ ਗੁਰੂ ਸੀ, ਉਸ ਵੇਲੇ ਭੀ ਤੇ ਹੁਣ ਭੀ ਗੁਰੂ ਹੈ। ਉਨ੍ਹਾਂ ਪ੍ਰਮਾਤਮਾ ਦੇ ਨਿਜ-ਰੂਪ ਦਸਾਂ ਪਾਤਸ਼ਾਹੀਆਂ ਨੇ ਤਾਂ ਸਿਰਫ ਇਸ ਸ਼ਬਦ ਨੂੰ ਯੋਗ ਸਥਾਨ ਦਿਵਾਉਣ ਲਈ ਦਸ ਰੂਪ ਧਾਰੇ। ਇਸ ਸ਼ਬਦ ਦੀ ਪੂਜਾ ਭਿੰਨ ਭਿੰਨ ਰੂਪਾਂ ਵਿਚ ਪਹਿਲਾਂ ਤੋਂ ਹੀ ਬੜੇ ਸਤਿਕਾਰ ਨਾਲ ਹੁੰਦੀ ਆਈ ਹੈ, ਤੇ ਇਸ ਸ਼ਬਦ ਨੇ ਕਰੋੜਾਂ ਪਾਪੀਆਂ ਨੂੰ ਤਾਰਿਆ ਤੇ ਤਾਰਦਾ ਰਹੇਗਾ। ਸ਼ਬਦ ਪ੍ਰਮਾਤਮਾ ਹੈ, ਪ੍ਰਮਾਤਮਾ ਸ਼ਬਦ ਹੈ, ਤਾਹੀਓਂ ਤਾਂ ਦਸਮ ਪਿਤਾ ਨੇ ਇਹ ਮੁਖਵਾਕ ਉਚਾਰਨ ਕੀਤਾ "ਆਦਿ ਅੰਤਿ ਏਕੈ ਅਵਤਾਰਾਂ। ਸੋਈ ਗੁਰੂ ਸਮਝਿਯਹੁ ਹਮਾਰਾ।" ਸੋ ਸ਼ਬਦ ਨੂੰ ਯੋਗ ਸਥਾਨ ਮਿਲਣਾ ਚਾਹੀਦਾ ਹੈ।

ਇਸ ਲਈ ਗੁਰੂ ਸਾਹਿਬਾਨ ਦਾ ਆਪਣੇ ਵਖ ਵਖ ਜਾਮਿਆਂ ਵਿਚ ਆਪਾ ਤਕ ਵਾਰ ਕੇ ਇਸ ਸ਼ਬਦ ਨੂੰ ਯੋਗ ਸਥਾਨ ਦੇਣ ਦੀ ਯੋਜਨਾ ਜਾਂ ਪਲਾਨ ਸੀ, ਉਹ ਸਿਰੇ ਚਾੜ੍ਹ ਦਿੱਤੀ ਤੇ ਪ੍ਰਮੇਸ਼ਰ ਦੇ ਦਰਸ਼ਨ ਕਰਨ ਦੇ ਮੁਤਲਾਸ਼ੀ ਬੰਦਿਆਂ ਲਈ "ਪੋਥੀ ਪਰਮੇਸਰ ਕਾ ਥਾਨੁ" ਵਿਚੋਂ ਰੱਬ ਜੀ ਦੇ ਦਰਸ਼ਨ ਕਰਨੇ ਆਸਾਨ ਕਰ ਦਿੱਤੇ। ਪਰ ਰੱਬ ਜੀ ਦੇ ਦਰਸ਼ਨ 'ਪੋਥੀ ਪਰਮੇਸਰ ਕਾ ਥਾਨੁ' ਵਿਚੋਂ ਕਰਨ ਲਈ ਸ਼ਰਧਾ, ਭੈ-ਭਾਵਨੀ ਤੇ ਅਸਲੋਂ ਦਰਸ਼ਨ ਕਰਨ ਵਾਲੇ ਪ੍ਰੇਮ-ਭਿੰਨੇ ਲੋਇਣਾਂ (ਨੇਤਰਾਂ) ਦੀ ਲੋੜ ਹੈ ਜੀ, ਨਾ ਕਿ ਇਸ ਤਰ੍ਹਾਂ ਦੀਆਂ ਚੂਚਰਾਂ ਤੇ ਦਲੀਲਾਂ ਦੀ। ਸ਼ਾਇਦ ਪਹਿਲਾਂ ਭੀ ਦੁਨੀਆ ਦਾ ਕੋਈ ਨਾ ਕੋਈ ਗ੍ਰੰਥ 'ਪਰਮੇਸਰ ਕਾ ਥਾਨੁ' ਬਣ ਕੇ ਗੁਰੂ ਪਦਵੀ ਪ੍ਰਾਪਤ ਕਰ ਲੈਂਦਾ, ਪਰ ਉਨ੍ਹਾਂ ਗ੍ਰੰਥਾਂ ਵਿਚ 'ਹਉਮੈ' ਆਦਿ ਦੀ ਲੇਸ ਹੋਣ ਕਰਕੇ ਇਕ ਖਾਸ ਕਮੀ ਰਹਿ ਗਈ, ਜੋ ਪ੍ਰਮਾਤਮਾ ਨੂੰ ਨਾ ਭਾਈ। ਪਰ ਸਤਿਗੁਰਾਂ (ਗੁਰੂ ਨਾਨਕ-ਦਸਮੇਸ਼, ਨੇ ਇਸ ਕਲਜੁਗ ਵਿਚ "ਆਦਿ ਅੰਤਿ ਏਕੈ ਅਵਤਾਰਾ। ਸੋਈ ਗੁਰੂ ਸਮਝਿਯਹੁ ਹਮਾਰਾ" ਨੂੰ "ਬਾਣੀ ਗੁਰੂ ਗੁਰੂ ਹੈ ਬਾਣੀ" ਦੇ ਸਰੂਪ ਵਿਚ ਪ੍ਰਮਾਤਮਾ ਵਲੋਂ ਸ਼ਬਦ ਰੂਪ ਵਿਚ "ਧੁਰ ਕੀ ਬਾਣੀ ਆਈ" ਰਾਹੀਂ "ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ" (ਪ: ੧੦) ਨੂੰ ਕਲਜੁਗੀ ਜੀਵਾਂ ਲਈ ਨਾਮ ਦੀ ਕਮਾਈ ਵਿਚ ਜੁੜਨ ਦਾ ਧੁਰਵਾ ਬੰਨ੍ਹ ਦਿੱਤਾ। ਸੋ ਸ਼ਬਦ ਦੀ ਜਿਤਨੀ ਪ੍ਰਸੰਸਾ, ਸਤਿਕਾਰ ਤੇ ਕੀਰਤੀ ਹੋ ਸਕੇ, ਉਹ ਥੋੜੀ ਹੀ ਹੈ। ਜਿਸ ਸ਼ਬਦ ਨੇ ਜੀਵਾਂ ਦਾ ਇਸ ਭਵਸਾਗਰ ਤੋਂ ਬੇੜਾ ਪਾਰ ਕੀਤਾ ਹੈ, ਕਰ ਰਿਹਾ ਹੈ ਤੇ ਕਰਦਾ ਰਹੇਗਾ, ਉਹ ਤਾਂ ਸਤਿਗੁਰਾਂ ਦਾ ਭੀ ਸਤਿਗੁਰ ਹੋਇਆ।

**ਇਹ ਹੀ ਕਾਰਨ ਸੀ ਕਿ ਪੰਚਮ ਪਾਤਸ਼ਾਹ ਨੇ ਜਿਸ ਦਿਨ ਤੋਂ ਇਸ ਸ਼ਬਦ ਨੂੰ ਵਿਸਥਾਰ ਰੂਪ ਵਿਚ "ਪੋਥੀ ਪਰਮੇਸਰ ਕਾ ਥਾਨੁ" ਦੀ ਸ਼ਕਲ ਵਿਚ ਪ੍ਰਕਾਸ਼ ਕਰ ਦਿੱਤਾ, ਉਸ ਦਿਨ ਤੋਂ ਉਹ ਆਪ ਇਸ 'ਸ਼ਬਦ' ਤੋਂ ਨੀਵੀਂ ਥਾਂ ਤੇ ਆਸਣ ਲਾਉਣ ਲੱਗ ਪਏ। ਪਰ ਅੱਜ ਕਲ੍ਹ ਦੇ ਅਖੌਤੀ ਦੰਭੀ ਤੇ ਪਖੰਡੀ ਗੁਰੂ, ਜਿਨ੍ਹਾਂ ਤੋਂ ਕਾਰਜ ਤਾਂ ਕੋਈ ਨਹੀਂ ਸਰ ਸਕਦਾ, ਆਪਣਾ ਆਸਣ ਸ਼ਬਦ ਤੋਂ ਭੀ ਉਚੀ ਥਾਂ ਤੇ ਰਖਦੇ ਹਨ ਜਾ ਸ਼ਬਦ ਨੂੰ ਪ੍ਰਕਾਸ਼ ਕੀਤੇ ਬਿਨਾਂ ਗੁਰਬਾਣੀ ਵਿਚੋਂ ਸ਼ਬਦ ਚੋਰੀ ਕਰ ਕੇ, ਵਰਤ ਕੇ, ਸ਼ਬਦ-ਸਮੂਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਕਰਦੇ ਹਨ, ਜਿਸ ਦੀ ਇਨ੍ਹਾਂ ਨੂੰ ਗੁਰੂ ਦਰ ਤੋਂ ਜ਼ਰੂਰ ਸਜ਼ਾ ਮਿਲੇਗੀ। ਕਿਉਂਕਿ ਇਹ ਲੋਕ ਪ੍ਰਮਾਤਮਾ ਵਲੋਂ ਤਾਂ ਭੇਜੇ ਹੋਏ ਨਹੀਂ।**



www.AKJ.Org

ਜਿਸ ਤਰ੍ਹਾਂ ਦਸਾਂ ਜਾਮਿਆਂ ਵਿਚ ਗੁਰੂ ਸਾਹਿਬਾਨ ਨੇ ਲੋਕਾਂ ਦੀ ਹਰ ਪੱਖੋਂ (ਸਮਾਜਕ, ਰਾਜਨੀਤਕ, ਆਰਥਕ ਤੇ ਸਭ ਤੋਂ ਵਧ ਪ੍ਰਮਾਰਥਕ) ਅਗਵਾਈ ਹਰ ਕਠਨਾਈ ਦਾ ਸਾਮ੍ਹਣਾ ਕਰ ਕੇ ਤੇ ਆਪਣੀ ਸ਼ਹੀਦੀ ਤਕ ਭੀ ਦੇ ਕੇ ਕੀਤੀ, ਇਸੇ ਤਰ੍ਹਾਂ ਇਹ ਸ਼ਬਦ-ਗੁਰੂ ਭੀ ਸਭ ਦੀ ਅਗਵਾਈ ਕਰਦੇ ਹਨ ਤੇ ਸਾਰ ਲੈਂਦੇ ਹਨ। ਸ਼ਰਧਾ ਨਾਲ ਇਸ ਮਹਾਨ ਗੁਰੂ ਅੱਗੇ ਅਰਦਾਸ ਕਰ ਕੇ ਇਨ੍ਹਾਂ ਤੋਂ ਹੁਕਮ ਤਾਂ ਲੈ ਕੇ ਦੇਖੋ–ਉਸ ਵੇਲੇ ਤਾਂ ਧੰਨ ਧੰਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੱਲੋ ਮੱਲੀ ਮੂੰਹੋਂ ਨਿਕਲ ਤੁਰਦਾ ਹੈ। ਜਿਵੇਂ ਅੱਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੂੰਗੇ ਛੱਜੂ ਨੂੰ ਜ਼ਬਾਨ (ਬੋਲਣ ਸ਼ਕਤੀ) ਬਖਸ਼ ਕੇ ਸੰਸਕ੍ਰਿਤ ਦੇ ਔਖੇ ਮੰਤਰਾਂ ਦਾ ਅਰਥ ਕਰਵਾ ਦਿੱਤਾ ਸੀ, ਐਨ ਇਸੇ ਤਰ੍ਹਾਂ ਦੀ ਇਸ ਸਦੀ ਦੇ ਅਰੰਭ ਵਿਚ ਸ਼ਬਦ-ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਕੇ ਧੋਬੜੀ (ਆਸਾਮ) ਵਿਖੇ ਇਕ ਬੰਗਾਲੀ ਚਾਹ ਦੇ ਬਾਗ ਵਿਚ ਮਨੇਜਰ ਦੇ ਗੂੰਗੇ ਮੁੰਡੇ ਨੂੰ ਬੋਲਣ ਸ਼ਕਤੀ ਦਿਲਵਾਈ। ਉਸ ਸਮੇਂ ਹੁਕਮਨਾਮਾ ਇਹ ਸੀ :–

> ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥......
> ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥
> ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥(੬੧੪)

ਹੈ ਇਨ੍ਹਾਂ ਮਿੱਟੀ ਦੇ ਮੜ੍ਹੋਲਿਆਂ ਦੇਹਧਾਰੀ ਗੁਰੂਆਂ ਵਿਚ ਐਸਾ ਕਰਨ ਦੀ ਸਮਰੱਥਾ ?

ਇਹ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੜ੍ਹ ਵਸਤੂ ਕਹਿ ਕੇ ਘੋਰ ਨਿਰਾਦਰੀ ਕਰਦੇ ਹਨ ਤੇ ਕਹਿੰਦੇ ਹਨ ਕਿ ਇਹ ਚੇਤੰਨ ਨਹੀਂ। ਪਰ ਉਪਰ ਦਸੀ ਵਾਰਤਾ ਅਨੁਸਾਰ, "ਸਤਿਗੁਰੁ ਮੇਰਾ ਸਦ ਬੋਲੰਤਾ" ਨੇ ਸ਼ਰਧਾ ਵਾਲੇ ਗੁਰਸਿਖਾਂ ਦੀ ਹਰ ਸਮੇਂ ਹਰ ਔਕੜ ਵਿਚ ਸਹਾਇਤਾ ਕੀਤੀ ਹੈ ਤੇ ਕਰਦਾ ਰਹੇਗਾ, ਕਿਉਂਕਿ ਇਹ ਆਪ ਚੇਤੰਨ ਹੈ ਤੇ ਸਭ ਮਾਨਵਤਾ ਨੂੰ ਚੇਤੰਨਤਾ ਬਖਸ਼ਦਾ ਹੈ। ਸੋ ਸਾਰੀ ਮਾਨਵਤਾ ਦੀ ਕਲਿਆਣ ਇਸ ਸ਼ਬਦ-ਗੁਰੂ ਦੇ ਚਰਨੀਂ ਲੱਗ ਕੇ ਹੀ ਹੋਣੀ ਮਿਥੀ ਹੋਈ ਹੈ। ਇਨ੍ਹਾ ਮਿੱਟੀ ਦੇ ਮੜ੍ਹੋਲਿਆਂ ਨੂੰ ਭੀ ਆਪਣੀ ਕਲਿਆਣ ਲਈ ਇਸ ਜੁਗੋ ਜੁਗ ਅਟੱਲ ਗੁਰੂ-ਸ਼ਬਦ-ਅਵਤਾਰ ਸੱਚੇ ਧੁਰੋਂ ਥਾਪੇ ਗੁਰੂ ਦੇ ਚਰਨੀਂ ਆ ਲੱਗਣਾ ਚਾਹੀਦਾ ਹੈ, ਕਿਉਂਕਿ ਹੋਰ ਕੋਈ ਨਾਦ ਨੂਦ ਨਹੀਂ ਹੈ, ਜਿਸਨੂੰ ਕਿ ਸੁਣ ਕੇ ਕਿਸੇ ਦਾ ਪਾਰ-ਉਤਾਰਾ ਹੋ ਸਕਦਾ ਹੈ। ਬਿਨਾਂ ਸ਼ਬਦ ਤੋਂ ਨਾਦ ਤਾਂ ਸਿਰਫ਼ ਕੰਨਾਂ ਦੀ ਘੂੰ ਘੂੰ ਹੀ ਹੈ। ਅਸਲੀ ਨਾਦ ਤਾਂ ਇਸ ਸੱਚੇ ਨਾਮ 'ਵਾਹਿਗੁਰੂ' ਦੀ ਧੁਨੀ ਹੀ ਹੈ, ਜਿਸ ਵਿਚ ਸੁਰਤ ਟਿਕਾ ਕੇ ਹੀ ਪਾਰ-ਉਤਾਰਾ ਹੋ ਸਕਦਾ ਹੈ।

ਇਹ ਅਖੌਤੀ ਗੁਰੂ, ਭਾਵੇਂ ਨਰਕਧਾਰੀ, ਭਾਵੇਂ ਰਾਧਾਸੁਆਮੀ, ਭਾਵੇਂ ਨਾਮਧਾਰੀ, ਭਾਵੇਂ ਕੋਈ ਅਖੌਤੀ ਸੰਤ ਹੈ, ਲੋਕਾਂ ਵਿਚ ਕਹਿੰਦੇ ਹਨ ਕਿ ਇਹ ਗੁਰੂ ਨਾਨਕ ਦੀ ਹੀ ਜੋਤਿ ਹਨ, ਜਾਂ ਉਨ੍ਹਾਂ ਵਾਂਗ ਹੀ ਅਵਤਾਰ ਧਾਰ ਕੇ ਦੁਨੀਆ ਦੀ ਕਲਿਆਣ ਕਰਨ ਆਏ ਹਨ। ਬੜੀ ਚੰਗੀ ਗੱਲ ਹੈ, ਬੜੀ ਲੋੜ ਹੈ ਇਨ੍ਹਾਂ ਦੀ ਅੱਜ ਦੇ ਥਾਂ ਥਾਂ ਭ੍ਰਿਸ਼ਟਾਚਾਰੀ ਸ਼ਾਸਨਾਂ ਵਿਚ। ਹਰ ਬੰਦਾ ਕਿਸੇ ਨਾ ਕਿਸੇ ਪੱਖੋਂ ਬਹੁਤ ਹੀ ਦੁਖੀ ਹੈ, ਨਿਤਰਨ ਤਾਂ ਮੈਦਾਨ ਵਿਚ ਸਭ ਦੀ ਖਲਾਸੀ ਲਈ ਗੁਰੂ ਨਾਨਕ ਵਾਂਗ। ਜੇ ਇਹ ਔਖਾ ਲੱਗਦਾ ਹੈ ਕਿ ਇਹ ਵਰਤਮਾਨ ਜਾਬਰ ਬਾਬਰਾਂ (ਅੱਜ ਹਰ ਮੁਲਕ ਵਿਚ ਇਹ ਬਾਬਰ ਵਾਲੀ ਜਾਬਰਾਨਾ ਸੱਤਾ ਕੰਮ ਕਰ ਰਹੀ ਹੈ) ਦਾ ਇਹ ਮੂੰਹ ਮੋੜਨਾ ਆਪਣਾ ਕੰਮ ਨਹੀਂ ਸਮਝਦੇ (ਹੈ ਤਾਂ ਇਹ ਕੰਮ ਇਨ੍ਹਾਂ ਦਾ ਹੀ ਜੇ ਇਹ ਸੱਚੇ ਗੁਰੂ ਹੋਣ) ਤਾਂ ਗੁਰੂ ਹਰਿਕ੍ਰਿਸ਼ਨ ਜੀ ਵਾਲਾ ਹੀ ਕੰਮ ਕਰ ਕੇ ਜ਼ਰਾ ਵਿਖਾਲਣ। ਅਸੀਂ ਇਕ ਖੁੱਲ੍ਹੇ ਪੰਡਾਲ ਵਿਚ ਇਨ੍ਹਾਂ ਨੂੰ ਕੁਛ ਗੂੰਗੇ, ਕੁਛ ਕੋਹੜੀ ਤੇ ਕੁਛ ਅੰਨ੍ਹੇ ਬੰਦੇ ਲਿਆ ਕੇ ਦਿਆਂਗੇ, ਇਹ ਉਨ੍ਹਾਂ ਨੂੰ ਜ਼ਬਾਨ-ਬਖਸ਼ੀ, ਦੇਹ-ਅਰੋਗਤਾ ਤੇ ਅੱਖਾਂ ਦੀ ਨਿਗਾਹ ਪ੍ਰਦਾਨ ਕਰ ਦੇਣ। ਹੈ ਇਹ ਚੈਲੰਜ ਕਿਸੇ ਇਕ ਨੂੰ ਇਨ੍ਹਾਂ ਵਿਚੋਂ ਮੰਨਜ਼ੂਰ ? ਜੇ ਇਹ, ਇਹ ਕੁਛ ਕਰ ਦੇਣ ਤਾਂ ਅਸੀਂ ਫਿਰ ਸੋਚਾਂਗੇ ਕਿ ਇਹ ਸੱਚੇ ਗੁਰੂ ਹੀ ਹਨ, ਨਹੀਂ ਤਾਂ ਕਿਉਂ ਇਹ ਵੱਡੇ ਵੱਡੇ ਡੇਰੇ ਜਮਾਈ ਬੈਠੇ ਹਨ, ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਨ ਲਈ ?



www.AKJ.Org

ਇਹ ਹੀ ਨਹੀਂ, ਇਹ ਆਪਣੇ ਕੁਛ ਕੁ ਮਾਇਆ ਨਾਲ ਖ਼ਰੀਦੇ ਬੰਦਿਆਂ ਰਾਹੀਂ ਆਪਣੀ ਸਿਫ਼ਤ ਵਿਚ ਕਈ ਆਲ ਪਤਾਲ ਦੀਆਂ ਗੱਲਾਂ ਲਿਖਵਾ ਕੇ, ਬੜੀਆਂ ਬੜੀਆਂ ਕਿਤਾਬਾਂ ਛਪਵਾ ਕੇ ਗੁਰਮਤਿ ਨੂੰ ਗ਼ਲਤ ਢੰਗ ਨਾਲ ਪੇਸ਼ ਕਰਨ ਤੇ ਸਭ ਨੂੰ ਕਲਿਆਣ ਬਖਸ਼ਣ ਤੇ ਹਰ ਤਰ੍ਹਾਂ ਦੀ ਅਗਵਾਈ ਕਰਨ ਵਾਲੇ ਸੱਚੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਤਰ੍ਹਾਂ ਨਾਲ ਨਿਰਾਦਰੀ ਕਰਨ ਤੱਕ ਜਾਂਦੇ ਹਨ। ਹਾਂ ਜੇ ਆਪਣੇ ਡੇਰੇ ਜਮਾ, ਦੇਹ-ਧਾਰੀ ਪ੍ਰੰਪਰਾ ਜਾਰੀ ਹੀ ਰੱਖਣੀ ਹੈ ਤਾਂ ਜੀ ਸਦਕੇ ਰੱਖਣ, ਪਰ ਆਪੋ ਆਪਣਾ ਸਿਧਾਂਤ ਪੇਸ਼ ਕਰ ਕੇ। ਇਸ ਦੇ ਉਲਟ ਬਾਣੀ ਦੀ ਓਟ ਲੈ ਕੇ ਜਾਂ ਬਾਣੀ ਦੀ ਨਿਰਾਦਰੀ ਕਰ ਕੇ ਜਾਂ ਗੁਰਮਤਿ ਨੂੰ ਗ਼ਲਤ ਢੰਗ ਨਾਲ ਪੇਸ਼ ਕਰ ਕੇ, ਨਾ ਇਹ ਕੰਮ ਕਰਨ।

ਸੱਚੇ ਗੁਰੂ, ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਸ਼ਬਦ-ਅਵਤਾਰ-ਗੁਰੂ (ਜੋ ਪਹਿਲੋਂ ਹੀ ਉਨ੍ਹਾਂ ਦੇ ਭੀ ਗੁਰੂ ਸਨ) ਨੂੰ ਗੁਰ-ਗੱਦੀ ਦੇ ਕੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਇਸ ਮਹਾਨ ਸੱਚੇ ਗੁਰੂ ਦੀ ਸਿਖਿਆ ਤੇ ਚਲ ਕੇ (ਪਰ ਕਿਸੇ ਦੇਹਧਾਰੀ ਤੋਂ ਕੋਈ ਸਿਖਿਆ ਲਏ ਬਿਨਾਂ) ਉਹ ਉਹ ਮਹਾਨ ਕਾਰਨਾਮੇ ਕਰ ਦਿਖਾਏ ਹਨ ਕਿ ਦੁਨੀਆ ਹੈਰਾਨ ਹੈ।

ਮਿਸਾਲ ਵਜੋਂ ਸਿਰਫ਼ ਨਾਦਰਸ਼ਾਹ-ਅਹਿਮਦ ਸ਼ਾਹ ਅਬਦਾਲੀ ਦਾ ਸਮਾਂ ਹੀ ਲਓ, ਜਦ ਕੋਈ ਦੇਹ-ਧਾਰੀ ਗੁਰੂ ਸਿੱਖ ਕੌਮ ਦਾ ਨਹੀਂ ਸੀ, ਪਰ ਇਹ ਜੁਗੋ ਜੁਗ ਅਟੱਲ ਸ਼ਬਦ-ਅਵਤਾਰ-ਗੁਰੂ ਹੀ ਅਗਵਾਈ ਕਰਦਾ ਸੀ। ਉਸ ਸਮੇਂ ਉਨ੍ਹਾਂ ਜਾਬਰਾਂ ਦੇ ਮੂੰਹੋਂ ਮੱਲੋ ਮੱਲੀ ਨਿਕਲ ਗਿਆ ਸੀ ਕਿ ਐਸੀ ਕੌਮ ਕਦੇ ਰਾਜ ਕਰੇਗੀ, ਜੋ ਫਿਰ ਕੀਤਾ। ਇਹ ਹੀ ਨਹੀਂ, ਗੁਰਦੁਆਰਾ ਸੁਧਾਰ ਲਹਿਰ ਵਿਚ, ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਕੀ ਤੇ ਕੀ ਨਹੀਂ ਇਸ ਕੌਮ ਨੇ ਕੀਤਾ ? ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਨਿਰਾਦਰੀ ਵਿਚ ਸਿਖ ਕੌਮ ਜਾਨ ਦੀ ਬਾਜੀ ਲਾ ਕੇ ਕੀ ਤੇ ਕੀ ਨਹੀਂ ਕਰ ਰਹੀ ? ਐਸੀ ਕੌਮ ਨੂੰ ਇਸ ਤਰ੍ਹਾਂ ਤੇ ਪਰਤੱਖ ਗੁਰੂ ਦੇ ਹੁੰਦਿਆਂ ਦੱਸੋ, ਕਿਉਂ ਕਿਸੇ ਮਿੱਟੀ ਦੇ ਮੜੋਲੇ, ਹਉਮੈ ਦੇ ਪੁੱਠੇ ਚਰਨ ਵਾਲੇ ਦੇਹਧਾਰੀ ਗੁਰੂ ਦੀ ਲੋੜ ਹੈ ? ਇਥੇ ਇਹ ਭੀ ਨਹੀਂ ਭੁਲਣਾ ਚਾਹੀਦਾ ਕਿ ਐਸੀਆਂ ਕੁਰਬਾਨੀਆਂ ਜਾਂ ਐਸੇ ਬੜੇ ਲੋਕ-ਭਲਾਈ ਦੇ ਕੰਮ (ਜਿਵੇਂ ਹਿੰਦੂ ਕੌਮ ਨੂੰ ਖ਼ਤਮ ਹੁੰਦੀ ਨੂੰ ਬਚਾਉਣਾ ਤੇ ਉਨ੍ਹਾਂ ਦੀਆਂ ਹਜ਼ਾਰਾਂ ਇਸਤ੍ਰੀਆਂ ਨੂੰ ਜਾਬਰਾਂ ਪਾਸੋਂ ਬਚਾਉਣਾ) ਨਾਮ ਦੀ ਕਮਾਈ ਕਰਕੇ ਉਸ ਤੋਂ ਮਿਲੀ ਸ਼ਕਤੀ ਰਾਹੀਂ ਕੀਤੇ ਤੇ ਹੁਣ ਕੀਤੇ ਜਾ ਰਹੇ ਹਨ, ਭਾਵ ਸੱਚ ਨੂੰ ਪੱਲੇ ਬੰਨ੍ਹ ਕੇ।

ਸੋ ਇਥੇ ਸਭ ਨੂੰ ਸੋਚਣ ਦੀ ਲੋੜ ਹੈ ਕਿ ਸੱਚਾ ਗੁਰੂ ਕੌਣ ਹੈ ! ਸੱਚਾ ਗੁਰੂ ਉਹ ਹੈ ਜੋ ਲੋਕਾਂ ਨੂੰ ਸੱਚ ਦਾ ਉਪਦੇਸ਼ ਦੇ ਕੇ ਦਿਲਾਂ ਵਿਚ ਰੱਬੀ ਪ੍ਰੇਮ (ਸਿਮਰਨ), ਨਿਡਰਤਾ, ਸੁਹਿਰਦਤਾ ਆਦਿ ਗੁਣ ਭਰ ਕੇ ਨਾਮ ਸਿਮਰਨ, ਦਸਾਂ ਨਹੁੰਆਂ ਦੀ ਕਿਰਤ ਕਰਨ, ਜ਼ੁਲਮ ਦਾ ਟਾਕਰਾ ਕਰਨ, ਲੋਕ-ਭਲਾਈ ਦੇ ਕੰਮ ਆਦਿ ਕਰਨ ਲਈ ਪ੍ਰੇਰਦਾ ਹੈ, ਭਾਵ, ਜੋ ਇਕ ਸਮੇਂ ਹੱਥ ਵਿਚ ਮਾਲਾ ਲੈ ਭਗਤੀ ਕਰਨ ਤੇ ਦੂਜੇ ਸਮੇਂ ਹੱਥ ਵਿਚ ਤਲਵਾਰ ਫੜ ਜ਼ੁਲਮ-ਜਬਰ ਵਿਰੁਧ ਸੰਘਰਸ਼ ਕਰਨ, ਭਾਵ, ਸੰਤ-ਸਿਪਾਹੀ ਬਣਨ ਦੀ ਸਿਖਿਆ ਦਿੰਦਾ ਹੈ।

ਐਸੀ ਸਿਖਿਆ ਸਿਰਫ਼ ਦਸਾਂ ਪਾਤਸ਼ਾਹੀਆਂ ਦੀ ਜਾਗਤ-ਜੋਤਿ ਜੁਗੋ ਜੁਗ ਅਟੱਲ ਸੱਚੇ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਦੇ ਸਕਣ ਦੇ ਸਮਰੱਥ ਹਨ, ਦੇ ਰਹੇ ਹਨ ਤੇ ਦਿੰਦੇ ਰਹਿਣਗੇ। ਸੋ ਆਪਣੀ ਤੇ ਸਭ ਦੀ ਕਲਿਆਣ ਹਿਤ ਹੋਰ ਸਭ ਕਿਸੇ ਦਾ ਆਸਰਾ ਛੱਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ, ਦੇ ਲੜ ਲੱਗ ਕੇ "ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥" (ਸੁਖਮਨੀ ਸਾਹਿਬ) ਦੀ ਪਦਵੀ ਪ੍ਰਾਪਤ ਕਰਨ ਲਈ ਆਓ, ਸਭ ਹੰਭਲਾ ਮਾਰੀਏ ਤੇ ਪਰਤੱਖ ਗੁਰੂ ਨਾਲੋਂ ਨਾ ਵਿਛੜੀਏ, ਕਿਉਂਕਿ "ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ (ਪੰਨਾ 308)



www.AKJ.Org

# ਨਿਮਰਤਾ ਕੀ ਹੈ ?

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ ਐਮ. ਏ., ਪੀ. ਐਚ. ਡੀ.]

ਅਕਾਲ ਪੁਰਖ ਸਾਰੇ ਮਨੁਖਾਂ ਦਾ ਪਿਤਾ ਹੈ। ਕਿਸੇ ਦੀ ਹੇਠੀ ਜਾਂ ਅਪਮਾਨ ਕਰਨਾ, ਉਸ ਜੀਵ ਵਿਚ ਵਸਦੇ ਪਰਮਾਤਮਾ ਨੂੰ ਦੁਖਾਣ ਦੇ ਤੁਲ ਹੈ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸਭਨਾਂ ਅੰਦਰ ਰੱਬ ਵਸਦਾ ਹੈ, ਇਸ ਲਈ ਸਭਨਾਂ ਦੇ ਚਰਨਾਂ ਦੀ ਧੂੜ ਹੋ ਕੇ ਰਹਿਣਾ ਹੀ ਪਰਮ ਧਰਮ ਹੈ।

ਸਿਆਣਿਆਂ ਦਾ ਕਥਨ ਹੈ : 'ਹੰਕਾਰ ਦੇ ਜ਼ਹਿਰ ਦਾ ਇਲਾਜ ਨਿਮਰਤਾ ਹੈ।'

ਸਰੀਰ ਦੇ ਪੰਜ ਗਿਆਨ-ਇੰਦ੍ਰੇ ਹਨ—ਅੱਖਾਂ, ਮੂੰਹ, ਕੰਨ, ਨੱਕ ਤੇ ਹੱਥ। ਇਹ ਸਰੀਰ ਦੇ ਉਪਰਲੇ ਹਿਸੇ ਦੇ ਅੰਗ ਹਨ, ਇਹ ਸਹਿਜੇ ਹੀ ਪਾਪਾਂ ਦੀ ਲਪੇਟ ਵਿਚ ਆ ਜਾਂਦੇ ਹਨ। ਪਰ ਪੈਰ ਸਰੀਰ ਦੇ ਸਭ ਤੋਂ ਹੇਠਾਂ ਸਥਿਤ ਹਨ, ਇਹ ਬੁਰਾਈ ਵਿਚ ਬਹੁਤ ਘਟ ਪੈਂਦੇ ਹਨ। ਭਾਰਤ ਵਿਚ ਚਰਨਾਂ ਦਾ ਸਤਿਕਾਰ ਹੁੰਦਾ ਹੈ ਅਤੇ ਨਮਸਕਾਰ ਸਮੇਂ ਚਰਨ ਪਰਸੇ ਜਾਂਦੇ ਹਨ।

ਫੋਕੇ ਅਭਿਮਾਨੀ ਤੇ ਘੁਮੰਡੀ ਮਨੁਖ ਆਪਣੇ ਸਾਥੀਆਂ ਨੂੰ ਤੇ ਆਪਣੇ ਤੋਂ ਉੱਚਿਆਂ ਨੂੰ ਵੀ ਵੰਗਾਰਦੇ ਹਨ। ਉਹ ਇਹ ਘਟ ਹੀ ਸੋਚਦੇ ਹਨ ਕਿ ਉਨ੍ਹਾਂ ਨਾਲੋਂ ਚੰਗੇ ਤੇ ਸਿਆਣੇ ਹੋਰ ਮਨੁਖ ਵੀ ਹਨ। ਉਨ੍ਹਾਂ ਵਿਚ ਭਰਾਤ੍ਰੀ-ਭਾਵ ਦੀ ਘਾਟ ਹੁੰਦੀ ਹੈ। ਮਨੁਖੀ ਭਾਈਚਾਰੇ ਦੀ ਭਾਵਨਾ ਹੋਵੇ, ਤਾਹੀਓਂ ਮਨੁਖ ਦੂਜਿਆਂ ਨਾਲ ਸੁਸ਼ੀਲਤਾ ਤੇ ਗੰਭੀਰਤਾ ਨਾਲ ਵਰਤ ਸਕਦਾ ਹੈ।

ਗੁਰੂ ਸਾਹਿਬਾਨ ਨੇ ਨਿਮਰਤਾ ਤੇ ਹਲੀਮੀ ਦੀਆਂ ਕਈ ਮਿਸਾਲਾਂ ਪੇਸ਼ ਕੀਤੀਆਂ ਹਨ। ਜਦੋਂ ਦਾਤੂ ਨੇ ਬਿਰਧ ਅਵਸਥਾ ਦੇ ਗੁਰੂ ਅਮਰਦਾਸ ਜੀ ਨੂੰ ਲੱਤ ਕੱਢ ਮਾਰੀ ਤਾਂ ਗੁਰੂ ਮਹਾਰਾਜ ਨੇ ਕੋਈ ਰੋਸ ਨਹੀਂ ਸੀ ਕੀਤਾ, ਸਗੋਂ ਬੜੀ ਨਿਮਰਤਾ ਨਾਲ ਆਖਿਆ ਕਿ "ਮੇਰੀਆਂ ਸਖ਼ਤ ਹੱਡੀਆਂ ਨਾਲ ਤੁਹਾਡੇ ਕੋਮਲ ਚਰਨਾਂ ਨੂੰ ਸੱਟ ਵਜੀ ਹੋਵੇਗੀ।" ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਪੁਤਰ ਬਾਬਾ ਸਿਰੀ ਚੰਦ ਜੀ ਨੇ ਹਾਸੇ ਹਾਸੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੂੰ ਪੁਛਿਆ ਕਿ ਉਨ੍ਹਾਂ ਨੇ ਏਨੀ ਲੰਮੀ ਦਾੜ੍ਹੀ ਕਿਉਂ ਰਖੀ ਹੋਈ ਹੈ ? ਤਾਂ ਗੁਰੂ ਜੀ ਨੇ ਉੱਤਰ ਦਿਤਾ : "ਤੁਹਾਡੇ ਪਵਿਤਰ ਚਰਨਾਂ ਦੀ ਧੂੜ ਝਾੜਨ ਲਈ।" ਬਾਬਾ ਸਿਰੀ ਚੰਦ ਜੀ ਗੁਰੂ ਸਾਹਿਬ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਤ ਹੋਏ।

ਜਿਥੇ ਨਿਮਰਤਾ ਹੈ ਉਥੇ ਹਉਮੈ ਦਾ ਤਿਆਗ ਹੈ। ਇਹ ਹਉਮੈ ਹੀ ਹੈ ਜੋ 'ਆਪਣਾ ਮੂਲ ਪਛਾਣਨ' ਵਿਚ ਤੇ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। ਗੁਰੂ ਦੇ ਸ਼ਬਦ ਦੁਆਰਾ ਹੰਕਾਰ ਦਾ ਨਾਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ—

ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤੁ ਸਭਿ ਜੀਅ ਸਮ੍ਹਾਰੇ ॥ (੩੭੯)

ਅਸਲ ਵਿਚ ਨਿਰਮਾਣ ਲੋਕ ਹੀ ਮਹਾਨ ਹਨ ਤੇ ਰੱਬ ਦੀ ਦਰਗਾਹ ਵਿਚ ਉਤਮ ਗਿਣੇ ਜਾਂਦੇ ਹਨ। ਫ਼ੁਰਮਾਨ ਹੈ—ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥

ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ (੨੬੬)

ਸੱਚੀ ਨਿਮਰਤਾ ਦੁਆਰਾ ਰੱਬ ਦੀ ਰਜ਼ਾ ਵਿਚ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਥੋਂ ਤਕ ਕਿ ਮਨੁਖੀ ਆਤਮਾ ਨੂੰ ਪਰਮਾਤਮਾ ਵਿਚ ਅਭੇਦ ਹੋਣ ਵਿਚ ਇਹ ਨਿਮਰ-ਭਾਵ ਹੀ ਸਹਾਈ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਹਨ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (੪੭੦)
ਅਤੇ— ਨਿਵੈ ਸੁ ਗਉਰਾ ਹੋਇ ॥ (ਆਸਾ ਦੀ ਵਾਰ, ਪੰਨਾ ੪੭੦)



www.AKJ.Org

# ਪਾਉਂਟਾ ਵਿਖੇ ਜਮਨਾ ਨਦੀ ਨਾਲ ਦੋ ਗੱਲਾਂ

[ਵਲੋਂ–ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ ਜ਼ਿਲਾ ਗੁੜਗਾਓਂ]

ਕਲਗੀ ਵਾਲੇ ਦੇ ਦਰਸ਼ਨਾਂ ਨਾਲ ਪਾਵਨ ਹੋਈ ਜਮਨਾ ! ਕੁਝ ਦੱਸ ਨੀ ! ਬੋਲ ਕੇ ਤੇ।
ਕਿਵੇਂ ਸੋਹਣਾ ਦਾਤਾਰ ਰਿਝਾ ਲਿਆ ਤੂੰ, ਦੱਸ ਹਾਲ ਉਹ ਵੀ ਕੁਝ ਖੋਲ੍ਹ ਕੇ ਤੇ।

ਤੇਰੇ ਕੰਢਿਆਂ ਤੇ ਬੈਠ ਉਸ ਕਾਵਯ ਲਿਖੇ, ਭਰੇ ਸਾਹਿਤ ਦੇ ਅਮੁਲ ਭੰਡਾਰ ਏਥੇ।
ਲਹਿਰੇ ਤੇਰੀਆਂ ਲਹਿਰਾਂ ਵਿਚ ਲਏ ਉਸ ਨੇ, ਕਲਮ ਉਗੱਲੇ ਹੀਰੇ ਜਵਾਹਰ ਏਥੇ।

ਤੇਰੇ ਪਾਣੀਆਂ ਦੇ ਨਾਲ ਖੇਡਦੇ ਰਹੇ, ਆਏ ਕਦੀ ਉਰਵਾਰ ਤੇ ਪਾਰ ਹੋਏ।
ਰਹੀਆਂ ਲਗਦੀਆਂ ਮਹਿਫ਼ਲਾਂ ਕਾਵਯ ਦੀਆਂ, ਕਈ ਵਾਰ ਹੀ ਕਵੀ ਦਰਬਾਰ ਹੋਏ।

ਤੈਨੂੰ ਕਿਵੇਂ ਉਸ ਆਣ ਪਵਿਤ੍ਰ ਕੀਤਾ, ਨੀ ਲਟਬਉਰੀਏ ! ਕੁਝ ਵੀ ਨਾ ਦੱਸਨੀ ਏਂ।
ਨਾ ਦੱਸ, ਜੇ ਗੱਲ ਕੋਈ ਰਾਜ਼ ਦੀ ਏ, ਕਾਹਲੀ ਹੋ ਕੇ ਏਦਾਂ ਕਿਉਂ ਨੱਸਨੀ ਏਂ ?

ਦਿੱਸਣ ਤੇਰੇ ਤਰੰਗਾਂ ਵਿਚ ਅਕਸ ਉਹਦੇ, ਸਾਂਭੀ ਬੈਠੇ ਨੇ ਜਾਹੋ-ਜਲਾਲ ਉਹਦਾ।
ਤੇਰੇ ਕੰਢਿਆਂ ਤੇ ਬੈਠ ਆਨੰਦ ਮਾਣੇ, ਜ਼ੱਰੇ ਜ਼ੱਰੇ ਵਿਚ ਜ਼ਾਹਿਰ ਕਮਾਲ ਉਹਦਾ।

ਤੇਰੇ ਪਾਣੀਆਂ ਵਿਚੋਂ ਪਈ ਨਜ਼ਰ ਆਵੇ, ਅਜ ਵੀ ਮੈਨੂੰ ਅਕਾਲੀ ਤਸਵੀਰ ਉਹਦੀ।
ਸ਼ੋਭਾ ਪਾਉਂਦੀ ਗਾਤਰੇ ਵਿਚ ਦਿੱਸੇ, ਪਤਲੀ ਕਮਰ ਦੇ ਨਾਲ ਸ਼ਮਸ਼ੀਰ ਉਹਦੀ।

ਹੋਇਆ ਯੁੱਧ ਭੰਗਾਣੀ ਦਾ, ਪਿਆ ਭੜਥੂ, ਮੈਨੂੰ ਪਤੈ ਤੂੰ ਨਾਲ ਦੀ ਨਾਲ ਸੁਣਿਐ।
ਬੁੱਧੂ ਸ਼ਾਹ ਦੇ ਪੁੱਤਰ ਸ਼ਹੀਦ ਹੋਏ, ਕਲਗੀ ਵਾਲੇ ਤੋਂ ਸਾਰਾ ਤੂੰ ਹਾਲ ਸੁਣਿਐ।

ਚਾਰ ਸਾਲ ਤੂੰ ਜੋਹੜੇ ਆਨੰਦ ਮਾਣੇ, ਜਮਨਾ ! ਦੱਸ ਉਹ ਕੁੱਝ ਕਹਾਣੀਆਂ ਨੀ।
ਯਾਦ ਹੋਵੇਗਾ ਤੈਨੂੰ ਤੂੰ ਰਹੀ ਸੁਣਦੀ, ਉਸ ਉਚਾਰੀਆਂ ਜੋਹੜੀਆਂ ਬਾਣੀਆਂ ਨੀ।

ਪੈਂਦੇ ਝਾਉਲਾ ਅਜ ਵੀ ਕਵਿ-ਰਾਜ ਸੋਹਣਾ, ਬੈਠਾ ਪਾਰ ਕਿਨਾਰੇ ਤੇ ਲਿਖ ਰਿਹਾ ਏ।
ਸੁਰਤ ਚਾੜ੍ਹ ਕੇ ਨਿਜਾਨੰਦ ਅੰਦਰ, 'ਮਿੱਤਰ' ਰੱਬੀ–ਇਸ਼ਾਰੇ ਤੇ ਲਿਖ ਰਿਹਾ ਏ।

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਰੰਗਲੇ ਸਜਣ | ੭-੦੦ | ਜੇਲ੍ਹ ਚਿਠੀਆਂ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅਣਡਿਠੀ ਦੁਨੀਆ | ੧੦-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਸਚਖੰਡ ਦਰਸ਼ਨ | ੧-੭੫ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਅੰਮ੍ਰਿਤ ਕੀ ਹੈ ? | ੧-੦੮ |
| ਨਾਮ ਸੰਬੰਧੀ ਵਿਚਾਰ | ੦-੯੦ | ਸੁਪਨਾ ੦-੪੦ ਵਾਹਿਗੁਰੂ ਸਿਮਰਨ | ੦-੫੦ |
| ਆਸਤਕ ਤੇ ਨਾਸਤਕ | ੦-੩੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |


---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੫.੮੪ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫ਼ੋਨ ਨੰਬਰ : 51847 ਘਰ 43094**


www.AKJ.Org

## ਪਿੰਡ ਇਕਲਾਹਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵਤ ਸਿੰਘ ਰਾਮਪੁਰ ਸਚਨਾ ਦੇਂਦੇ ਹਨ ਕਿ ਭਾਈ ਕਪੂਰ ਸਿੰਘ ਹਰਭਜਨ ਸਿੰਘ ਦੇ ਗ੍ਰਿਹ ਪਿੰਡ ਇਕਲਾਹਾ ਵਿਖੇ ੧੯ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਖੰਨਾ-ਮਲੇਰ ਕੋਟਲਾ ਰੋਡ ਤੇ, ਖੰਨੇ ਤੋਂ ਤਿੰਨ ਮੀਲ ਹੈ।

---

## ਬਠਿੰਡਾ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ

ਭਾਈ ਅਜੀਤ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਗੁ: ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ੧੨ ਮਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ।

---

## ਹਲਵਾਰਾ (ਲੁਧਿਆਣਾ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਿਹ ਪਿੰਡ ਹਲਵਾਰਾ ਵਿਖੇ ੭ ਜੂਨ ਵੀਰਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਦੀ ਬਖ਼ਸ਼ਸ਼ ਹੋਵੇਗੀ। ਇਹ ਪਿੰਡ ਲੁਧਿਆਣਾ-ਰਾਏ ਕੋਟ ਸੜਕ ਤੇ, ਲੁਧਿਆਣੇ ਤੋਂ ੩੨ ਕਿਲੋ ਮੀਟਰ ਹੈ ਅਤੇ ਲੁਧਿਆਣਾ ਬੱਸ ਅੱਡੇ ਦੀ ਖਿੜਕੀ ਨੰਬਰ ਪੰਜ ਤੋਂ ਬਸਾਂ ਮਿਲਦੀਆਂ ਹੀ ਰਹਿੰਦੀਆਂ ਹਨ।

ਦਾਸਰੇ ਨਛੱਤਰ ਸਿੰਘ ਸਪੁਤਰ ਸ: ਨਾਹਰ ਸਿੰਘ (ਲੀਲਾਂ ਵਾਲੇ)

---

## ਭੱਕੂ ਮਾਜਰਾ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਸੂਬੇਦਾਰ ਪਿਆਰਾ ਸਿੰਘ ਜੀ ਬੇਨਤੀ ਕਰਦੇ ਹਨ ਕਿ ਭੱਕੂ ਮਾਜਰਾ ਵਿਖੇ ਦੋ ਜੂਨ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖ਼ਸ਼ੋ ਜੀ।

---

## ਪਿੰਡ ਭੰਗਵਾਂ ਵਿਖੇ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ

ਭਾਈ ਬਲਦੇਵ ਸਿੰਘ ਜਰਨੈਲ ਸਿੰਘ ਸੂਚਨਾ ਦੇਂਦੇ ਹਨ ਕਿ ਪਿੰਡ ਭੰਗਵਾਂ (ਨੇੜੇ ਰੇਲਵੇ ਸਟੇਸ਼ਨ ਜੰਡਿਆਲਾ ਗੁਰੂ) ਵਿਖੇ ੧੨ ਮਈ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਉਪਰੰਤ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

---

**ਚਾਰ ਟੇਪਾਂ ਪਟਿਆਲਾ ਸਮਾਗਮ ਤੋਂ ਮਿਲੀਆਂ**—ਕੋਈ ਸਿੰਘ ਕੀਰਤਨ ਦੀਆਂ ਚਾਰ ਟੇਪਾਂ ਪਟਿਆਲਾ ਸਮਾਗਮ ਸਮੇਂ ਭੁਲ ਆਇਆ ਹੈ। ਹੇਠ ਲਿਖੇ ਪਤੇ ਤੋਂ ਨਿਸ਼ਾਨੀਆਂ ਭੇਜ ਕੇ ਮੰਗਵਾ ਲਓ—

ਭਾਈ ਜਾਗੀਰ ਸਿੰਘ, ਡਵੀਜ਼ਨ ਨੰਬਰ ੪, ਮਕਾਨ ਨੰਬਰ ੫੦-ਬੀ, ਪਟਿਆਲਾ।

---

**ਕੀਰਤਨੀਏ ਵੀਰ ਦਾ ਨਵਾਂ ਐਡਰੈਸ**—ਭਾਈ ਤੇਜਿੰਦਰ ਪਾਲ ਸਿੰਘ ਦੂਲਾ, ਸਿੰਘ ਹੋਮੀਓ ਕਲਿਨਿਕ, ਮੰਦਰ ਵਾਲੀ ਗਲੀ, ਘੁਮਾਰ ਮੰਡੀ, ਸਿਵਲ ਲਾਈਨਜ਼, ਲੁਧਿਆਣਾ।

---

# 'ਸੂਰਾ' ਮਾਸਿਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਬੀਬੀ ਗੁਰਦੇਵ ਕੌਰ ਲੁਧਿਆਣਾ | ਪਤੀ ਸ. ਕੁਲਵੰਤ ਸਿੰਘ ਜੀ ਦੀ ਯਾਦ ਵਿਚ | ੫੦-੦੦ |
| ਸ. ਗੁਰਬਖਸ਼ ਸਿੰਘ ਸਿਵੀਆ ਯ. ਕੇ. | ਪਿਤਾ ਜੀ ਦੀ ਅੰਤਮ ਯਾਦ ਵਿਚ ... ... | ੧੦੬-੦੦ |
| ਖਾਲਸਾ ਨਿਸ਼ਾਨ ਮੇਕਰਜ਼ ਲੁਧਿਆਣਾ | ਸਮਾਗਮ ਦੇ ਭੋਗ ਸਮੇਂ . ... | ੨੧-੦੦ |
| ਭਾ. ਸੂਰਤ ਸਿੰਘ ਜੀ ਪੂਰਨ ਤੇ ਬੀਬੀ ਭੁਪਿੰਦਰ ਕੌਰ ਅੰਮ੍ਰਿਤਰ | ਭੁਜੰਗੀਆਂ ਦੀ ਬਰਸੀ ਦੇ ਭੋਗ ਸਮੇਂ | ੩੨੧-੦੦ |
| ਮਿਸਤ੍ਰੀ ਗੋਪਾਲ ਸਿੰਘ ਅੰਮ੍ਰਿਤਸਰ | ਸਪੁਤਰੀ ਦੀ ਸ਼ਾਦੀ ਦੇ ਸਮਾਗਮ ਸਮੇਂ | ੭੦-੦੦ |
| ਸ. ਸਾਵਣ ਸਿੰਘ ਚੰਡੀਗੜ੍ਹ | ਪੋਤਰੇ ਦੇ ਜਨਮ ਤੇ ਅਖੰਡਪਾਠ ਦੇ ਭੋਗ ਸਮੇਂ | ੨੧-੦੦ |
| ਸ. ਅਨੂਪ ਸਿੰਘ ਫਤਹਪੁਰ | ਸੂਰੇ ਦੀ ਚੜ੍ਹਦੀ ਕਲਾ ਲਈ | ੧੦-੦੦ |
| ਬੀਬੀ ਮਹਿੰਦਰ ਕੌਰ ਜੈਪੁਰ | ਚੜ੍ਹਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੫੨-੦੦ |
| ਬੀਬੀ ਭਜਨ ਕੌਰ ਜਲੰਧਰ | ਪਤੀ-ਭਾ: ਦਰਸ਼ਨ ਸਿੰਘ ਗੜਗਜ ਜੀ ਦੀ ਅੰਤਮ ਅਰਦਾਸ ਸਮੇਂ | ੧੦੨-੦੦ |
| ਸ. ਸੇਵਾ ਸਿੰਘ c/o ਸ. ਗੁਰਨਾਮ ਸਿੰਘ ਯੂ. ਕੇ. | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | ੧੫੩-੦੦ |
| ਸ. ਗੁਰਨਾਮ ਸਿੰਘ ਰੈਡਿੰਗ—ਯੂ. ਕੇ. | ਪਿਤਾ ਸ. ਲਖਾ ਸਿੰਘ ਜੀ ਦੇ ਅੰਤਮ ਭੋਗ ਸਮੇਂ | ੫੪੨-੦੦ |
| ਬੀਬੀ ਪ੍ਰੀਤਮ ਕੌਰ ਬੁਲਵਰ ਹੈਂਪਟਨ ਯੂ. ਕੇ. | ਸੂਰੇ ਦੀ ਚੜ੍ਹਦੀ ਕਲਾ ਲਈ | [illegible] |

www.AKJ.org

# ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ ਹੁਸ਼ਿਆਰਪੁਰ

## ੩੦ ਮਈ ਬੁਧਵਾਰ ਸ਼ਾਮ ਤੋਂ ੪ ਜੂਨ ੧੯੮੪ ਸੋਮਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਗੁਰਦਵਾਰਾ ਕਲਗੀਧਰ ਚਰਨ ਪਾਵਨ ਮਾਡਲ ਟਾਊਨ, ਹੁਸ਼ਿਆਰਪੁਰ ਵਿਖੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਸਮੂਹ ਪਿਆਰੇ ਆਇ ਦੀਦਾਰ ਬਖ਼ਸ਼ੋ ਜੀ।

| | | |
|---|---|---|
| ੩੦ ਮਈ | ਰਾਤ ੭-੩੦ ਤੋਂ ੯-੩੦ ਅਖੰਡ ਕੀਰਤਨ | ਗੁਰਦਵਾਰਾ ਕਲਗੀਧਰ ਚਰਨ ਪਾਵਨ |
| ੩੧ ਮਈ | ਸਵੇਰੇ ੫-੦੦ ਤੋਂ ੮-੦੦ ਕੀਰਤਨ ਆਸਾ ਦੀ ਵਾਰ | ਗੁ: ਸਿੰਘ ਸਭਾ, ਗੁਰਦੁਆਰਾ ਗਲੀ, ਬਹਾਦਰਪੁਰ |
| | ਰਾਤ ੭-੩੦ ਤੋਂ ੯-੩੦ ਅਖੰਡ ਕੀਰਤਨ | ਗੁਰਦੁਆਰਾ ਮਹੱਲਾ ਗੋਕਲ ਨਗਰ, ਜਲੰਧਰ ਰੋਡ |
| ੧ ਜੂਨ | ਸਵੇਰੇ ੫-੦੦ ਤੋਂ ੭-੦੦ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ | ਗੁ: ਕਲਗੀਧਰ ਚਰਨ ਪਾਵਨ |
| | ਰਾਤ ੭-੩੦ ਤੋਂ ੯-੩੦ ਅਖੰਡ ਕੀਰਤਨ | ਗੁਰਦਵਾਰਾ ਰੇਲਵੇ ਮੰਡੀ |
| ੨ ਜੂਨ | ਸਵੇਰੇ ੬-੦੦ ਤੋਂ ੧੧-੦੦ ਕੀਰਤਨ ਆਸਾ ਦੀ ਵਾਰ | ਗੁ: ਭਾਈ ਜੋਗਾ ਸਿੰਘ ਜੀ, ਮਹੱਲਾ ਸ਼ੇਖਾਂ |
| | ਰਾਤ ੭-੩੦ ਤੋਂ ੯-੩੦ ਅਖੰਡ ਕੀਰਤਨ | ਗੁਰਦਵਾਰਾ ਕਲਗੀਧਰ ਚਰਨ ਪਾਵਨ |
| ੩ ਜੂਨ | ਸਵੇਰੇ ੫-੩੦ ਭੋਗ ਸ੍ਰੀ ਅਖੰਡਪਾਠ ਉਪ੍ਰੰਤ ੧ ਵਜੇ ਦੁਪਹਿਰ ਤਕ ਅਖੰਡ ਕੀਰਤਨ | ਗੁ: ਕਲਗੀਧਰ ਚਰਨ ਪਾਵਨ |
| | ਸ਼ਾਮ ੫-੦੦ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ | ,, ,, ,, |
| | ਰਾਤ ੭-੩੦ ਅਰੰਭ ਰੈਣ ਸਬਾਈ, ੪ ਜੂਨ ਸਵੇਰੇ ੬ ਵਜੇ ਸਮਾਪਤੀ | ,, ,, ,, |

ਨੋਟ—(੧) ਰਿਹਾਇਸ਼ ਲਈ ਗੁ: ਕਲਗੀਧਰ ਚਰਨ ਪਾਵਨ ਪੁਜੋ। (੨) ਲੋੜ ਅਨੁਸਾਰ ਬਿਸਤਰੇ ਲੈ ਕੇ ਆਓ ਜੀ।
(੩) ਗੁ: ਕਲਗੀਧਰ ਚਰਨ ਪਾਵਨ ਬਸ-ਸਟੈਂਡ ਤੋਂ ਡੇਢ ਫਰਲਾਂਗ ਰੋਸ਼ਨ ਗਰਾਊਂਡ ਦੇ ਨਾਲ ਹੈ।

ਪੁਛਗਿਛ: ਭਾ: ਅਵਤਾਰ ਸਿੰਘ C/O ਇਮਪਰੂਵਮੈਂਟ ਟ੍ਰਸਟ ਹੁਸ਼ਿਆਰਪੁਰ, ਫੋਨ ੨੬੪੬
ਗੁਰੂ ਨਾਨਕ ਜਨਰਲ ਸਟੋਰ, ਸੇਠੀ ਸ਼ੂ ਸਟੋਰ, ਬੱਸ ਅਡੇ ਦੇ ਸਾਹਮਣੇ

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ, ਹੁਸ਼ਿਆਰਪੁਰ

## ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦਾਂ ਦੀ ਯਾਦ ਵਿਚ ਮਾਸਕ ਰੈਣ ਸਬਾਈ ਕੀਰਤਨ

੧੯੭੮ ਵੈਸਾਖੀ ਤੋਂ ਅਜ ਤਕ ਦੇ ਸ਼ਹੀਦਾਂ ਦੀ ਯਾਦ ਵਿਚ ਰਣ ਸਬਾਈ ਕੀਰਤਨ ੧੯ ਮਈ ੧੯੮੪ ਸ਼ਨੀਵਾਰ ਦੀ ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲਾਗੇ ਝੰਡੇ ਬੁੰਗੇ ਉਪਰ ਹਾਲ ਵਿਚ ਹੋ ਰਹੇ ਹਨ। ਆਇ ਜੁੜੋ ਜੀ।

## ਰਾਜਪੁਰਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

੧੧ ਮਈ ਸਵੇਰੇ ਪਿੰਡ ਸਰੋਂਹ (ਰਾਜਪੁਰਾ) ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ੧੨ ਮਈ ਰਾਤ ੮ ਵਜੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਅਰੰਭ ਗੁ: ਨਵੀਨ ਸਿੰਘ ਸਭਾ ਮਹਿੰਦਰ ਗੰਜ ਰਾਜਪੁਰਾ (ਨੇੜੇ ਬਸ ਸਟੈਂਡ) ਹੋਣਗੇ। ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਆਇ ਜੁੜੋ ਜੀ।

ਪੁਛ ਗਿਛ—ਭਾਈ ਸੁਰਜੀਤ ਸਿੰਘ ਸਬ ਪੋਸਟ ਮਾਸਟਰ ਰਾਜਪੁਰਾ

ਦਰਸ਼ਨ ਅਭਿਲਾਖੀ ਸੰਗਤ ਰਾਜਪੁਰਾ

## ਬੁਲੋਵਾਲ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਮੋਹਨ ਸ਼ਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੀ ਸੁਪਤਨੀ ਦੀ ਯਾਦ ਵਿਚ ੨੦ ਮਈ ਐਤਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਜੀ।

## ਚੰਡੀਗੜ੍ਹ ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਸੈਕਟਰ ੧੫ ਵਿਖੇ ੨੬ ਮਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org